‘ਜ਼ਿਕਰ ਪੰਜਾਬ’ ਨੂੰ
ਲੋੜ ਹੈ
ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਅਤੇ ਕਸਬਿਆਂ ਤੋਂ ਤਜ਼ਰਬੇਕਾਰ ਪੜ੍ਹੇ-ਲਿਖੇ ਪੱਤਰਕਾਰਾਂ ਦੀ
ਸੰਪਰਕ:-
9815024577
E-mail:
zikarpunjab44@gmail.com



ਸੱਚ ਦੀ ਆਵਾਜ਼ ਹੱਕ ਦੀ ਆਵਾਜ਼

# ਜ਼ਿਕਰ ਪੰਜਾਬ

WEEKLY ZIKAR PUNJAB

ਹਫਤਾਵਾਰੀ ਅਖ਼ਬਾਰ

ਕੁਲ ਪੰਨੇ : 8 ਮੁੱਲ : 3/- ਰੁਪਏ

ਲੁਧਿਆਣਾ : ਸੋਮਵਾਰ, 23 ਫਰਵਰੀ ਤੋਂ ਐਤਵਾਰ, 1 ਮਾਰਚ, 2026

ਮੁੱਖ ਸੰਪਾਦਕ : ਅਸ਼ਵਨੀ ਜੇਤਲੀ/ਸਹਿ-ਸੰਪਾਦਕ : ਬਲਵਿੰਦਰ ਕੁਮਾਰ

Ludhiana : Monday, 23 February to Sunday, 01 March 2026



ਪੰਜਾਬੀ ਭਾਸ਼ਾ ਵਿੱਚ ਅਖ਼ਬਾਰਾਂ, ਮੈਗਜ਼ੀਨ ਅਤੇ ਕਿਤਾਬਾਂ ਤਿਆਰ ਕਰਵਾਉਣ ਲਈ ਸੰਪਰਕ ਕਰੋ:
89685-44271
E-mail:
vicksam125@gmail.com



E-mail : zikarpunjab44@gmail.com | RNI-PUNPUN/2017/75418 | ਮੋਬਾਈਲ ਨੰ. : 9815024577 | ਸਾਲ : 10 ਅੰਕ : 08 | Website : www.zikarpunjab.com


# ‘ਡਿਜੀਟਲ ਅਰੈਸਟ’ ਤੇ ਕੇਵਾਈਸੀ ਪ੍ਰਤੀ ਹੋਵੋ ਸੁਚੇਤ : ਨਰੇਂਦਰ ਮੋਦੀ

ਜ਼ਿਕਰ ਪੰਜਾਬ

**ਨਵੀਂ ਦਿੱਲੀ/ਬਿਊਰੋ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਖੇਤਰ ਵਿੱਚ ਭਾਰਤ ਵੱਲੋਂ ਕੀਤੀ ਗਈ ਤਰੱਕੀ ’ਤੇ ਚਾਨਣਾ ਪਾਉਂਦਿਆਂ ਕਿਹਾ ਕਿ ਏਆਈ ਸਿਖਰ ਸੰਮੇਲਨ ਨੇ ਦਿਖਾਇਆ ਹੈ ਕਿ ਕਿਵੇਂ ਇਸ ਤਕਨਾਲੋਜੀ ਦੀ ਮਦਦ ਨਾਲ ਦੇਸ਼ ਵਿੱਚ ਜਾਨਵਰਾਂ ਦੀ ਦੇਖਭਾਲ ਕੀਤੀ

**ਮਨ ਕੀ ਬਾਤ: ਪ੍ਰਧਾਨ ਮੰਤਰੀ ਮੋਦੀ ਨੇ ਏਆਈ ਦੀ ਤਾਕਤ ਤੇ ਡਿਜੀਟਲ ਸੁਰੱਖਿਆ ਦੀ ਕੀਤੀ ਗੱਲ**

ਜਾ ਰਹੀ ਹੈ ਅਤੇ ਕਿਸਾਨ ਆਪਣੇ ਪਸ਼ੂਧਨ ਅਤੇ ਡੇਅਰੀ ’ਤੇ ਨਜ਼ਰ ਰੱਖ ਰਹੇ ਹਨ। ਆਪਣੇ ਮਹੀਨਾਵਾਰ ਰੇਡੀਓ ਪ੍ਰੋਗਰਾਮ ‘ਮਨ ਕੀ ਬਾਤ’ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ਆਨਲਾਈਨ ਵਿੱਤੀ ਧੋਖਾਧੜੀ ਅਤੇ ‘ਡਿਜੀਟਲ ਅਰੈਸਟ’ ਪ੍ਰਤੀ ਸੁਚੇਤ ਰਹਿਣ ਦੀ ਵੀ ਅਪੀਲ ਕੀਤੀ। ਹਾਲ ਹੀ ਵਿੱਚ ਹੋਏ ‘ਇੰਡੀਆ ਏਆਈ ਇਮਪੈਕਟ’ ਸਿਖਰ ਸੰਮੇਲਨ ਦਾ ਜ਼ਿਕਰ ਕਰਦਿਆਂ ਮੋਦੀ ਨੇ ਦੱਸਿਆ ਕਿ ਦੋ ਉਤਪਾਦਾਂ ਨੇ ਵਿਸ਼ਵ ਆਗੂਆਂ ਨੂੰ ਹੈਰਾਨ ਕਰ ਦਿੱਤਾ ਹੈ। ਇੱਥੇ ਦਿਖਾਇਆ ਗਿਆ ਕਿ ਕਿਵੇਂ ਏਆਈ ਜਾਨਵਰਾਂ ਦੇ ਇਲਾਜ ਵਿੱਚ ਮਦਦ ਕਰ ਰਹੀ ਹੈ ਅਤੇ ਕਿਸਾਨ 24 ਘੰਟੇ ਇਸ ਦੀ ਸਹਾਇਤਾ ਨਾਲ ਆਪਣੀ ਡੇਅਰੀ ਦਾ ਹਿਸਾਬ-ਕਿਤਾਬ ਰੱਖ ਰਹੇ ਹਨ। ਏਆਈ ਰਾਹੀਂ ਪ੍ਰਾਚੀਨ ਗ੍ਰੰਥਾਂ, ਗਿਆਨ ਅਤੇ ਪਾਂਡੂਲਿਪੀਆਂ ਨੂੰ ਸੁਰੱਖਿਅਤ ਕਰਕੇ ਅੱਜ ਦੀ ਪੀੜ੍ਹੀ ਦੇ ਅਨੁਕੂਲ ਬਣਾਇਆ ਜਾ ਰਿਹਾ ਹੈ। ਡਿਜੀਟਲ ਧੋਖਾਧੜੀ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਬੈਂਕਾਂ ਵੱਲੋਂ ਕੇਵਾਈਸੀ ਅਪਡੇਟ ਕਰਨ ਦੇ ਸੁਨੇਹਿਆਂ ’ਤੇ ਲੋਕਾਂ ਨੂੰ ਖਿਝਣਾ ਨਹੀਂ ਚਾਹੀਦਾ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਪ੍ਰਕਿਰਿਆ • ਬਾਕੀ ਸਫ਼ਾ 2 ’ਤੇ



## 12,930 ਕਰੋੜ ਦੇ ਪ੍ਰੋਜੈਕਟਾਂ ਦਾ ਕੀਤਾ ਉਦਘਾਟਨ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਮੇਰਠ ਵਿੱਚ 12,930 ਕਰੋੜ ਦੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੇ ਸ਼ਤਾਬਦੀ ਨਗਰ ਨਮੋ ਭਾਰਤ ਸਟੇਸ਼ਨ ’ਤੇ ਮੇਰਠ ਮੈਟਰੋ ਅਤੇ ਨਮੋ ਭਾਰਤ ਟ੍ਰੇਨ ਨੂੰ ਹਰੀ ਝੰਡੀ ਦਿਖਾਈ ਅਤੇ ਫਿਰ ਮੇਰਠ ਸਾਊਥ ਸਟੇਸ਼ਨ ਲਈ ਮੈਟਰੋ ਦੀ ਸਵਾਰੀ ਕੀਤੀ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਸ਼ਤਾਬਦੀ ਨਗਰ ਮੇਰਠ ਹੈਲੀਪੈਡ ’ਤੇ ਪ੍ਰਧਾਨ ਮੰਤਰੀ ਦਾ ਸਵਾਗਤ ਕੀਤਾ ਉੱਥੋਂ, ਉਨ੍ਹਾਂ ਨੇ ਦਿੱਲੀ-ਮੇਰਠ ਨਮੋ ਭਾਰਤ ਕੋਰੀਡੋਰ ਅਤੇ ਮੇਰਠ ਮੈਟਰੋ ਨੂੰ ਰਾਸ਼ਟਰ ਨੂੰ ਸਮਰਪਿਤ ਕੀਤਾ ਉਨ੍ਹਾਂ ਇਸ ਮੌਕੇ ’ਤੇ ਵਿਜ਼ਟਰ ਗੈਲਰੀ ਦਾ ਵੀ ਦੌਰਾ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਅੱਜ ਪਹਿਲੀ ਵਾਰ, ਨਮੋ ਭਾਰਤ ਰੈਪਿਡ ਰੇਲ ਅਤੇ ਮੈਟਰੋ ਸੇਵਾਵਾਂ ਇੱਕੋ ਦਿਨ ਇੱਕੋ ਪਲੇਟਫਾਰਮ ਤੋਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ ਇਹ ਇੱਕ ਸ਼ਾਨਦਾਰ ਝਲਕ ਹੈ ਕਿ ਇੱਕ ਵਿਕਸਤ ਭਾਰਤ ਵਿੱਚ ਕਨੈਕਟੀਵਿਟੀ ਕਿਵੇਂ ਦਿਖਾਈ ਦੇਵੇਗੀ। ਨਮੋ ਭਾਰਤ ਵਰਗੀ ਇੱਕ ਆਧੁਨਿਕ ਰੇਲਗੱਡੀ ਅੰਦਰੂਨੀ-ਸ਼ਹਿਰ ਮੈਟਰੋ ਅਤੇ ਜੁੜਵੇਂ ਸ਼ਹਿਰਾਂ ਦੇ ਦ੍ਰਿਸ਼ਟੀਕੋਣ ਨੂੰ ਤੇਜ਼ ਕਰੇਗੀ।

## ਮੁਕਾਬਲੇ ਵਿੱਚ ਜੈਸ਼ ਕਮਾਂਡਰ ਸੈਫੁੱਲਾ ਸਣੇ ਤਿੰਨ ਅੱਤਵਾਦੀ ਹਲਾਕ

ਜ਼ਿਕਰ ਪੰਜਾਬ

**ਕਿਸ਼ਤਵਾੜ/ਬਿਊਰੋ**

ਜੰਮੂ-ਕਸ਼ਮੀਰ ਦੇ ਕਿਸ਼ਤਵਾੜ ਜ਼ਿਲ੍ਹੇ ਵਿੱਚ ਸੁਰੱਖਿਆ ਬਲਾਂ ਅਤੇ ਦਹਿਸ਼ਤਗਰਦਾਂ ਦਰਮਿਆਨ ਮੁਕਾਬਲਾ ਹੋਇਆ। ਸੁਰੱਖਿਆ ਬਲਾਂ ਨੇ ਜਿਸ ਥਾਂ ’ਤੇ ਦਹਿਸ਼ਤਗਰਦ ਲੁਕੇ ਹੋਏ ਸਨ, ਉਸ ਪੂਰੇ ਟਿਕਾਣੇ ਨੂੰ ਹੀ ਧਮਾਕੇ ਨਾਲ ਉਡਾ ਦਿੱਤਾ। ਅਧਿਕਾਰੀਆਂ ਨੇ ਦੱਸਿਆ ਕਿ ਪਾਕਿਸਤਾਨੀ ਦਹਿਸ਼ਤਤੀ ਸੰਗਠਨ ਜੈਸ਼-ਏ-ਮੁਹੰਮਦ ਦੇ ਤਿੰਨ ਅਤਿਵਾਦੀਆਂ ਦੇ ਇਸ ਇਲਾਕੇ ਵਿੱਚ ਲੁਕੇ ਹੋਣ ਦੀ ਪੱਕੀ ਸੂਚਨਾ ਮਿਲੀ ਸੀ। ਇਸ ਤੋਂ ਬਾਅਦ ਜਦੋਂ ਸੁਰੱਖਿਆ ਬਲਾਂ ਨੇ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਤਾਂ ਅਤਿਵਾਦੀਆਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ, ਜਿਸ ਦਾ ਭਾਰਤੀ ਜਵਾਨਾਂ ਨੇ ਮੂੰਹ-ਤੋੜ ਜਵਾਬ ਦਿੱਤਾ। ਇਸ ਤੋਂ ਪਹਿਲਾਂ 4 ਫਰਵਰੀ ਨੂੰ ਵੀ ਚਤਰੂ ਇਲਾਕੇ ਵਿੱਚ ਸੁਰੱਖਿਆ ਬਲਾਂ ਨੇ • ਬਾਕੀ ਸਫ਼ਾ 2 ’ਤੇ

## ਦੱਖਣੀ ਅਫਰੀਕਾ ਨੇ ਭਾਰਤ ਨੂੰ 76 ਦੌੜਾਂ ਨਾਲ ਹਰਾਇਆ

ਜ਼ਿਕਰ ਪੰਜਾਬ

**ਅਹਿਮਦਾਬਾਦ/ਬਿਊਰੋ**

ਭਾਰਤ ਨੂੰ ਅੱਜ ਟੀ-20 ਵਿਸ਼ਵ ਕੱਪ 2026 ਵਿਚ ਪਹਿਲੀ ਹਾਰ ਮਿਲੀ ਹੈ। ਅਹਿਮਦਾਬਾਦ ਵਿਚ ਖੇਡੇ ਗਏ ਮੈਚ ਵਿਚ ਦੱਖਣੀ ਅਫਰੀਕਾ ਨੇ ਭਾਰਤ ਨੂੰ 76 ਦੌੜਾਂ ਨਾਲ ਹਰਾ ਦਿੱਤਾ ਹੈ। ਦੱਖਣੀ ਅਫਰੀਕਾ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਸੱਤ ਵਿਕਟਾਂ ਦੇ ਨੁਕਸਾਨ ’ਤੇ 187 ਦੌੜਾਂ ਬਣਾਈਆਂ ਜਦਕਿ ਭਾਰਤੀ ਪਾਰੀ ਤਾਸ਼ ਦੇ ਪੱਤਿਆਂ ਵਾਂਗ ਖਿੰਡ ਗਈ। ਭਾਰਤ ਦੀ ਪੂਰੀ ਟੀਮ 18.5 • ਬਾਕੀ ਸਫ਼ਾ 2 ’ਤੇ



## ਲੁਧਿਆਣਾ ਵਿੱਚ ਮੰਤਰੀ ਸੰਜੀਵ ਅਰੋੜਾ ਵੱਲੋਂ ਭਾਰਤ ਦੇ ਪਹਿਲੇ ਹਾਈਵੇਅ-ਸ਼ਹਿਰੀ ਪਾਰਕਿੰਗ ਪਾਇਲਟ ਪ੍ਰੋਜੈਕਟ ਦਾ ਉਦਘਾਟਨ

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**

ਆਧੁਨਿਕ ਸ਼ਹਿਰੀ ਬੁਨਿਆਦੀ ਢਾਂਚੇ ਅਤੇ ਵਿਗਿਆਨਕ ਆਵਾਜਾਈ ਪ੍ਰਬੰਧਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ ਪੰਜਾਬ ਦੇ ਉਦਯੋਗ

**■ ਪ੍ਰੋਜੈਕਟ ਨੈਸ਼ਨਲ ਹਾਈਵੇਜ਼ ਲੌਜਿਸਟਿਕਸ ਮੈਨੇਜਮੈਂਟ ਲਿਮਟਿਡ ਦਾ ਲੁਧਿਆਣਾ ਵਿੱਚ ਵਿਲੱਖਣ ਪਾਇਲਟ ਮਾਡਲ 6 ਮਹੀਨਿਆਂ ਵਿੱਚ ਹੋਵੇਗਾ ਤਿਆਰ**

ਅਤੇ ਵਣਜ, ਨਿਵੇਸ਼ ਪ੍ਰੋਤਸਾਹਨ, ਬਿਜਲੀ ਅਤੇ ਸਥਾਨਕ ਸਰਕਾਰਾਂ ਦੇ ਕੈਬਨਿਟ ਮੰਤਰੀ ਸ੍ਰੀ ਸੰਜੀਵ ਅਰੋੜਾ ਨੇ ਐਤਵਾਰ ਨੂੰ ਲੁਧਿਆਣਾ ਵਿੱਚ ਸੰਗਠਿਤ ਹਾਈਵੇ ਸ਼ਹਿਰੀ ਪਾਰਕਿੰਗ ਵਿਕਾਸ ਲਈ ਭਾਰਤ ਦੇ ਪਹਿਲੇ ਪਾਇਲਟ ਪ੍ਰੋਜੈਕਟ ਦੇ ਨਿਰਮਾਣ ਦਾ ਰਸਮੀ ਉਦਘਾਟਨ ਕੀਤਾ। ਇਹ ਮੋਹਰੀ ਪ੍ਰੋਜੈਕਟ • ਬਾਕੀ ਸਫ਼ਾ 2 ’ਤੇ



### ਲੁਧਿਆਣਾ ਦੀ ਸ਼ਹਿਰੀ ਗਤੀਸ਼ੀਲਤਾ ਲਈ ਇੱਕ ਗੇਮ-ਚੇਂਜਰ

ਮੀਡੀਆ ਨੂੰ ਸੰਬੋਧਨ ਕਰਦੇ ਹੋਏ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਲੰਬੇ ਸਮੇਂ ਤੋਂ ਉਡੀਕੇ ਜਾ ਰਹੇ ਪ੍ਰੋਜੈਕਟ ਦੇ ਸ਼ੁਰੂ ਹੋਣ ’ਤੇ ਸੰਤੁਸ਼ਟੀ ਪ੍ਰਗਟ ਕਰਦਿਆਂ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਇਹ ਲੁਧਿਆਣਾ ਦੀ ਲੰਬੇ ਸਮੇਂ ਤੋਂ ਚੱਲ ਰਹੀ ਪਾਰਕਿੰਗ ਦੀ ਘਾਟ ਅਤੇ ਟ?ਰੈਫਿਕ ਭੀੜ ਨੂੰ ਕਾਫ਼ੀ ਹੱਦ ਤੱਕ ਘੱਟ ਕਰੇਗਾ। ਉਨ੍ਹਾਂ ਕਿਹਾ, “ਇਹ ਪਹਿਲ ਰੋਜ਼ਾਨਾ ਆਉਣ-ਜਾਣ ਵਾਲਿਆਂ, ਖਰੀਦਦਾਰਾਂ ਅਤੇ ਨਿਵਾਸੀਆਂ ਲਈ ਸੁਰੱਖਿਅਤ, ਸੰਗਠਿਤ ਅਤੇ ਆਸਾਨੀ ਨਾਲ ਪਹੁੰਚਯੋਗ ਪਾਰਕਿੰਗ ਹੱਲ ਪ੍ਰਦਾਨ ਕਰੇਗੀ। ਇਹ ਸੜਕ ਕਿਨਾਰੇ ਹਫੜਾ-ਦਫੜੀ ਨੂੰ ਕਾਫ਼ੀ ਘਟਾਏਗਾ, ਟ?ਰੈਫਿਕ ਅਨੁਸ਼ਾਸਨ ਵਿੱਚ ਸੁਧਾਰ ਕਰੇਗਾ ਅਤੇ ਸ਼ਹਿਰ ਦੇ ਮੁੱਖ ਗਲਿਆਰਿਆਂ ਵਿੱਚ ਸੜਕ ਸੁਰੱਖਿਆ ਨੂੰ ਵਧਾਏਗਾ।” ਉਨ੍ਹਾਂ ਨੇ ਅੱਗੇ ਕਿਹਾ ਕਿ ਇਹ ਪ੍ਰੋਜੈਕਟ ਉੱਚੀਆਂ ਸੜਕਾਂ ਦੇ ਹੇਠਾਂ ਵਿਹਲੇ ਸ਼ਹਿਰੀ ਸਥਾਨਾਂ ਦੀ ਵਿਗਿਆਨਕ ਵਰਤੋਂ ਕਰਕੇ ਸ਼ਹਿਰੀ ਯੋਜਨਾਬੰਦੀ ਪ੍ਰਤੀ ਇੱਕ ਅਗਾਂਹਵਧੂ ਪਹੁੰਚ ਨੂੰ ਦਰਸਾਉਂਦਾ ਹੈ। ਇਹ ਇੱਕ ਅਜਿਹਾ ਦ੍ਰਿਸ਼ ਹੈ ਜਿਸਨੂੰ ਪੰਜਾਬ ਦੇ ਹੋਰ ਸ਼ਹਿਰਾਂ ਅਤੇ ਦੇਸ਼ ਭਰ ਵਿੱਚ ਦੁਹਰਾਇਆ ਜਾ ਸਕਦਾ ਹੈ। ਆਧੁਨਿਕ ਸ਼ਹਿਰੀ • ਬਾਕੀ ਸਫ਼ਾ 2 ’ਤੇ

### ਪ੍ਰੋਜੈਕਟ ਦੀਆਂ ਮੁੱਖ ਗੱਲਾਂ

ਲਗਭਗ 750 ਸੰਗਠਿਤ ਕਾਰ ਪਾਰਕਿੰਗ ਸਲਾਟਾਂ ਦਾ ਵਿਕਾਸ ਐਲੀਵੇਟਿਡ ਹਾਈਵੇਅ ਦੇ ਨਾਲ-ਨਾਲ ਅਤੇ ਹੇਠਾਂ ਘੱਟ ਵਰਤੋਂ ਵਾਲੀਆਂ ਥਾਵਾਂ ਦੀ ਵਰਤੋਂ ਵਿੱਚ ਮੁੱਖ ਸਥਾਨਾਂ ਵਿੱਚ ਸ਼ਾਮਲ ਹਨ ਜਿਨ੍ਹਾਂ ਵਿੱਚ ਭਾਰਤ ਨਗਰ ਚੌਕ ਤੋਂ ਸਿੱਧਵਾਂ ਨਹਿਰ (ਮੁੱਖ ਕੈਰੇਜਵੇਅ ਅਤੇ ਸਰਵਿਸ ਰੋਡ ਦੇ ਵਿਚਕਾਰ) ਭਾਰਤ ਨਗਰ ਚੌਕ ਤੋਂ ਆਈ. ਐਸ. ਬੀ. ਟੀ ਤੱਕ ਐਲੀਵੇਟਿਡ ਕੋਰੀਡੋਰ ਦੇ ਹੇਠਾ ਪੂਰਨਤਾ ਸਮਾਂ-ਸੀਮਾ 6 ਮਹੀਨੇ, ਮਾਡਲ ਲੀਜ਼ ਦੇ ਆਧਾਰ ’ਤੇ ਡਿਜ਼ਾਈਨ, ਬਿਲਡ, ਓਪਰੇਟ ਅਤੇ ਟ੍ਰਾਂਸਫਰ (ਡੀ. ਬੀ. ਓ. ਟੀ) ਰਿਆਇਤ ਦੀ ਮਿਆਦ 10 ਸਾਲ, ਅਨੁਮਾਨਿਤ ਨਿਵੇਸ਼ 7 ਕਰੋੜ ਐਲੀਵੇਟਿਡ ਸੜਕ ਦੇ ਦੋਵੇਂ ਪਾਸੇ 14 ਆਰਕੀਟੈਕਚਰਲ ਤੌਰ ’ਤੇ ਡਿਜ਼ਾਈਨ ਕੀਤੇ ਪਾਰਕਿੰਗ ਜ਼ੋਨਾਂ ਦੀ ਸਿਰਜਣਾ ਪਾਰਕਿੰਗ ਖੇਤਰ ਵਾਤਾਵਰਣ ਦੇ ਅਨੁਕੂਲ ਹੋਣਗੇ, ਸ਼ਹਿਰੀ • ਬਾਕੀ ਸਫ਼ਾ 2 ’ਤੇ

## ਸਿੱਖਿਆ ਮੇਰਾ ਜਨੂੰਨ ਅਤੇ ਜ਼ਿੰਮੇਵਾਰੀ, ਜਵਾਬਦੇਹੀ ਤੈਅ ਹੋਣ ਨਾਲ ਸਕੂਲ ਸੁਧਾਰਾਂ ਨੂੰ ਬਲ ਮਿਲੇਗਾ : ਹਰਜੋਤ ਸਿੰਘ ਬੈਂਸ

ਜ਼ਿਕਰ ਪੰਜਾਬ

**ਫਾਜ਼ਿਲਕਾ/ਬਿਊਰੋ**

ਫਾਜ਼ਿਲਕਾ ਦੇ ਬਸਤੀ ਹਜ਼ੂਰ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਦੀ ਇਮਾਰਤ ਦੀ ਮਾੜੀ ਹਾਲਤ ਬਾਰੇ ਨੋਟਿਸ ‘ਚ ਆਉਣ ਦੇ ਤੁਰੰਤ ਬਾਅਦ ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਇਸ ਸਕੂਲ ਦੀ ਇਮਾਰਤ ਦੀ ਨਵੇਂ ਸਿਰਿਓਂ ਉਸਾਰੀ ਕਰਨ ਦੇ ਹੁਕਮ ਦਿੱਤੇ ਹਨ। ਸਿੱਖਿਆ ਮੰਤਰੀ ਨੇ ਤੁਰੰਤ ਕਾਰਵਾਈ ਕਰਦਿਆਂ ਸਕੂਲ ਸਿੱਖਿਆ ਵਿਭਾਗ ਨੂੰ ਇਸ ਸਬੰਧੀ ਲੋੜੀਂਦੇ ਕਦਮ ਚੁੱਕਣ ਕਰਨ ਦੇ ਨਿਰਦੇਸ਼ ਦਿੱਤੇ ਅਤੇ ਭਰੋਸਾ ਦਿੱਤਾ ਕਿ ਸਕੂਲ ਦੀ ਨਵੀਂ ਇਮਾਰਤ ਛੇ ਮਹੀਨਿਆਂ ਦੇ ਅੰਦਰ ਮੁਕੰਮਲ ਹੋ ਜਾਵੇਗੀ, ਜਿਸ ਦੀ ਉਹ ਨਿੱਜੀ ਤੌਰ ‘ਤੇ ਨਿਗਰਾਨੀ ਕਰਨਗੇ। ਇਸ ਮਾਮਲੇ ਦਾ ਜ਼ਿਕਰ ਕਰਦਿਆਂ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ

**■ ਕਿਹਾ ਫਾਜ਼ਿਲਕਾ ਦੇ ਬਸਤੀ ਹਜ਼ੂਰ ਸਕੂਲ ਦੇ ਮੁੜ ਨਿਰਮਾਣ ਦੇ ਹੁਕਮ, ਛੇ ਮਹੀਨਿਆਂ ਵਿੱਚ ਤਿਆਰ ਹੋਵੇਗੀ ਨਵੀਂ ਇਮਾਰਤ**



ਬਸਤੀ ਹਜ਼ੂਰ ਵਿੱਚ ਸਰਕਾਰੀ ਸਕੂਲ ਦੀ ਮਾੜੀ ਹਾਲਤ ਬਾਰੇ ਕੱਲ੍ਹ ਮੇਰੇ ਧਿਆਨ ਵਿੱਚ ਲਿਆਂਦਾ ਗਿਆ। ਉਨ੍ਹਾਂ ਕਿਹਾ ਕਿ ਮੈਂ ਅਧਿਕਾਰੀਅ.ਾਂ ਨੂੰ ਇਸ ਸਬੰਧੀ ਤੁਰੰਤ ਕਾਰਵਾਈ ਦੇ ਨਿਰਦੇਸ਼ ਦੇ ਦਿੱਤੇ ਹਨ ਅਤੇ ਮੈਂ ਖੁਦ ਜਾ ਕੇ ਸਕੂਲ ਦੀ ਸਥਿਤੀ ਦਾ ਨਿਰੀਖਣ ਕਰਾਂਗਾ। ਉਨ੍ਹਾਂ ਕਿਹਾ ਕਿ ਇਸ ਸਕੂਲ ਕੋਲ ਅਗਲੇ 6 ਮਹੀਨਿਆਂ ਦੇ ਅੰਦਰ ਇੱਕ ਨਵੀਂ ਇਮਾਰਤ ਹੋਵੇਗੀ ਅਤੇ ਇਹ ਕੋਈ ਰਾਜਨੀਤਿਕ ਬਿਆਨ ਨਹੀਂ; ਸਗੋਂ ਮੇਰੀ ਨਿੱਜੀ ਗਰੰਟੀ ਹੈ। ਸੂਬੇ ਦੇ ਸਕੂਲੀ ਬੁਨਿਆਦੀ ਢਾਂਚੇ ਵਿੱਚ ਵਿਆਪਕ ਸੁਧਾਰਾਂ ਬਾਰੇ ਗੱਲ ਕਰਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਲਗਭਗ 20,000 ਸਰਕਾਰੀ ਸਕੂਲ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਸਕੂਲ ਸਾਨੂੰ ਪਿਛਲੀਆਂ ਸਰਕਾਰਾਂ ਦੀ ਦਹਾਕਿਆਂ ਦੀ ਅਣਗਹਿਲੀ ਕਰਕੇ ਪੂਰੀ ਤਰ੍ਹਾਂ ਖਸਤਾ ਹਾਲਤ ਵਿੱਚ ਵਿਰਾਸਤ ‘ਚ ਮਿਲੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ • ਬਾਕੀ ਸਫ਼ਾ 2 ’ਤੇ

## ਆਪ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਕਾਂਗਰਸ ਤੋਂ ਚਾਰ ਕਦਮ ਅੱਗੇ : ਸੈਣੀ

ਜ਼ਿਕਰ ਪੰਜਾਬ

**ਚੰਡੀਗੜ੍ਹ** : ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਦੀ ਜਨਤਾ ਨਾਲ ਜੋ ਵਾਅਦੇ ਕੀਤੇ ਸਨ ਉਹ 4 ਸਾਲ ਬੀਤ ਜਾਣ ਦੇ ਬਾਅਦ ਵੀ ਪੂਰੇ ਨਹੀਂ ਹੋਏ ਹਨ। ਕਾਂਗਰਸ ਤੇ ਆਮ ਆਦਮੀ ਪਾਰਟੀ ਭ੍ਰਿਸ਼ਟਾਚਾਰ ਵਿੱਚ ਸ਼ਾਮਿਲ ਹੈ ਅਤੇ ਆਮ ਆਦਮੀ ਪਾਰਟੀ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਕਾਂਗਰਸ ਤੋਂ ਵੀ ਚਾਰ ਕਦਮ ਅੱਗੇ ਹੈ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਐਤਵਾਰ ਨੂੰ ਲੁਧਿਆਣਾ ਸਥਿਤ ਛੱਠ ਪੂਜਾ ਮੈਦਾਨ ਵਿੱਚ ਆਯੋਜਿਤ ਪੂਰਵਾਂਚਲ ਸਨਮਾਨ ਰੈਲੀ ਨੂੰ ਸੰਬੋਧਿਤ ਕਰ ਰਹੇ ਹਨ। ਇਸ ਤੋਂ ਪਹਿਲਾਂ ਮੁੱਖ ਮੰਤਰੀ ਦਾ ਇੱਥੇ ਪਹੁੰਚਣ ’ਤੇ ਪਦਅਧਿਕਾਰੀਆਂ ਨੇ ਸ਼ਾਨਦਾਰ ਸਵਾਗਤ ਕੀਤਾ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਇਸ ਮੌਕੇ ’ਤੇ ਪੂਰਵਾਂਚਲ ਸਨਮਾਨ ਰੈਲੀ ਦੇ ਆਯੋਜਨ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਲੁਧਿਆਣਾ ਇੱਕ ਪ੍ਰਸਿੱਧ ਉਦਯੋਗਿਕ ਨਗਰੀ ਹੈ ਅਤੇ ਇਸ ਮਿਹਨਤਕਸ਼ ਧਰਤੀ ਨੂੰ ਮੈਂ ਮੁੱਖ ਮੰਤਰੀ ਕੇ ਨਮਨ ਕਰਦਾ ਹਾਂ। ਪੰਜਾਬ ਗੁਰੂਆਂ ਦੀ, ਪੀਰਾਂ ਦੀ ਅਤੇ ਵੀਰਾਂ ਦੀ ਭੂਮੀ ਹੈ। ਲੁਧਿਆਣਾ ਦੀ ਇਸ ਇਤਿਹਾਸਕ ਧਰਤੀ ’ਤੇ, ਜਿਸ ਨੂੰ ਪੰਜਾਬ ਦੀ ਉਦਯੋਗਿਕ ਰਾਜਧਾਨੀ ਅਤੇ ਭਾਰਤ ਦਾ ਮੈਨਚੇਸਟਰ ਵੀ ਕਿਹਾ ਜਾਂਦਾ ਹੈ,



ਨਾਇਬ ਸਿੰਘ ਸੈਣੀ ਨੇ ਇਸ ਮੌਕੇ ’ਤੇ ਪੂਰਵਾਂਚਲ ਸਨਮਾਨ ਰੈਲੀ ਦੇ ਆਯੋਜਨ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਲੁਧਿਆਣਾ ਇੱਕ ਪ੍ਰਸਿੱਧ ਉਦਯੋਗਿਕ ਨਗਰੀ ਹੈ ਅਤੇ ਇਸ ਮਿਹਨਤਕਸ਼ ਧਰਤੀ ਨੂੰ ਮੈਂ ਸੀਸ ਨਵਾ ਮੈਨੂੰ ਸੱਦਾ ਦੇਣ ਲਈ ਤੁਹਾਡੇ ਸਾਰਿਆਂ ਦੀ ਵੰਦਨ ਕਰਦਾ ਹਾਂ। ਇਹ ਰੈਲੀ ਸਿਰਫ ਇੱਕ ਪ੍ਰੋਗਰਾਮ ਨਹੀਂ ਸਗੋ ਬਦਲਾਅ ਦਾ ਸੰਦੇਸ਼ ਹੈ। ਪੰਜਾਬ ਭਾਰਤ ਦੀ ਆਤਮਾ ਹੈ। ਇਹ ਬੋਡਰਾਂ ਦਾ ਪ੍ਰਹਿਰੀ ਹੈ, • ਬਾਕੀ ਸਫ਼ਾ 2 ’ਤੇ



## ਲੁਧਿਆਣਾ ’ਚ ਹਰਿਆਣਾ ਦੇ ਮੁੱਖ ਮੰਤਰੀ ਸੈਣੀ ਦਾ ਕਾਲੇ ਝੰਡਿਆਂ ਨਾਲ ਸਵਾਗਤ

ਜ਼ਿਕਰ ਪੰਜਾਬ

**ਲੁਧਿਆਣਾ/ਬਿਊਰੋ**

ਅੱਜ ਆਮ ਆਦਮੀ ਪਾਰਟੀ ਦੇ ਵਲੰਟੀਅਰਾ ਅਤੇ ਆਗੂਆਂ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਲੁਧਿਆਣਾ ਵਿੱਚ ਕਾਲੇ ਝੰਡਿਆਂ ਨਾਲ ਸਵਾਗਤ ਕੀਤਾ। ਪੂਰਵਾਂਚਲ ਸਨਮਾਨ ਰੈਲੀ ਵਿੱਚ ਸ਼ਾਮਲ ਹੋਣ ਆਏ ਸੈਣੀ ਦਾ ਕਾਫ਼ਲਾ ਜਿਵੇਂ ਹੀ ਧੂਰੀ ਲਾਈਨ ਰੇਲਵੇ ਓਵਰ ਬ੍ਰਿਜ ਉੱਤਰਿਆ, ‘ਆਪ’ ਵਰਕਰਾਂ ਨੇ ਉਨ੍ਹਾਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਕਾਲੇ ਝੰਡੇ ਦਿਖਾ ਕੇ ਪੰਜਾਬ ਪ੍ਰਤੀ ਭਾਜਪਾ ਦੀਆਂ ਵਿਤਕਰੇ ਭਰੀਆਂ ਨੀਤੀਆਂ ਦਾ ਰੋਸ ਪ੍ਰਗਟਾਇਆ। ਆਤਮ ਨਗਰ ਤੋਂ ‘ਆਪ’ ਵਿਧਾਇਕ ਕੁਲਵੰਤ ਸਿੰਘ ਸਿੱਧੂ ਨੇ ਪ੍ਰਦਰਸ਼ਨ ਦੀ ਅਗਵਾਈ ਕਰਦਿਆਂ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ, ਅਸੀਂ ਅੱਜ ਇਸ ਲਈ ਵਿਰੋਧ ਕਰ ਰਹੇ ਹਾਂ ਕਿਉਂਕਿ ਭਾਜਪਾ ਨੇ ਹਮੇਸ਼ਾ ਪੰਜਾਬ ਵਿਰੋਧੀ ਸਟੈਂਡ ਅਪਣਾਇਆ ਹੈ। ਉਹ ਕੇਂਦਰ ਵਿੱਚ ਬੈਠ ਕੇ • ਬਾਕੀ ਸਫ਼ਾ 2 ’ਤੇ



## 5 ਆਧੁਨਿਕ ਪਿਸਤੌਲਾਂ ਸਣੇ ਦੋ ਮੁਲਜ਼ਮ ਅੰਮ੍ਰਿਤਸਰ ਤੋਂ ਕਾਬੂ

ਜ਼ਿਕਰ ਪੰਜਾਬ

**ਅੰਮ੍ਰਿਤਸਰ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਜਾਰੀ ਮੁਹਿੰਮ ਦੌਰਾਨ ਵੱਡੀ ਸਫ਼ਲਤਾ ਹਾਸਲ ਕਰਦਿਆਂ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਪੰਜ ਆਧੁਨਿਕ ਪਿਸਤੌਲਾਂ ਸਮੇਤ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ‘ਚ ਸ਼ਾਮਲ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਅੰਮ੍ਰਿਤਸਰ ਦੇ ਪਿੰਡ ਭਿੰਡੀ ਨੈਣ ਦੇ ਵਸਨੀਕ ਸ਼ੇਰਾ ਸਿੰਘ (26) ਅਤੇ ਅੰਮ੍ਰਿਤਸਰ ਦੇ ਪਿੰਡ ਤੂਰ ਦੇ ਵਸਨੀਕ ਜਗਰੂਪ ਸਿੰਘ ਉਰਫ਼ ਜੂਪਾ (21) ਵਜੋਂ ਹੋਈ ਹੈ। ਮੁਲਜ਼ਮਾਂ ਤੋਂ ਬਰਾਮਦ ਕੀਤੇ ਗਏ ਪਿਸਤੌਲਾਂ ਵਿੱਚ ਇੱਕ .30 ਬੋਰ ਪੀਐਕਸ5 ਸਟੌਰਮ ਪਿਸਤੌਲ , ਇੱਕ 9ਐਮਐਮ ਆਸਟ੍ਰੀਆ-ਮੇਡ ਗਲੌਕ, ਦੋ .30 ਬੋਰ ਚੀਨੀ ਨੋਰਿੰਕੋ ਪਿਸਤੌਲ, ਇੱਕ .32 ਬੋਰ ਪਿਸਤੌਲ ਅਤੇ 10 ਜ਼ਿੰਦਾ ਕਾਰਤੂਸ ਸ਼ਾਮਲ ਹਨ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਅਨੁਸਾਰ ਉਕਤ ਮੁਲਜ਼ਮ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਪਾਕਿਸਤਾਨ-ਅਧਾਰਤ ਤਸਕਰਾਂ ਦੇ ਸੰਪਰਕ ਵਿੱਚ ਸਨ ਅਤੇ ਉਨ੍ਹਾਂ ਦੇ ਨਿਰਦੇਸ਼ਾਂ ’ਤੇ ਗ਼ੈਰਕਾਨੂੰਨੀ ਹਥਿਆਰਾਂ ਦੀ ਖੇਪ ਹਾਸਲ ਕਰਕੇ ਇਸਨੂੰ ਅੱਗੇ ਅਪਰਾਧਕ ਤੱਤਾਂ • ਬਾਕੀ ਸਫ਼ਾ 2 ’ਤੇ

## ਫਰੀਦਕੋਟ ਵਿੱਚ ਪਾਕਿਸਤਾਨ-ਸਮਰਥਿਤ ਡਰੱਗ ਕਾਰਟੇਲ ਨਾਲ ਸਬੰਧਤ ਇਕ ਫੌਜੀ ਜਵਾਨ, ਬਰਖਾਸਤ ਪੁਲਿਸ ਮੁਲਾਜ਼ਮ ਸਮੇਤ ਛੇ ਵਿਅਕਤੀ 4.8 ਕਿਲੋ ਹੈਰੋਇਨ ਅਤੇ ਪਿਸਤੌਲ ਨਾਲ ਕਾਬੂ



ਜ਼ਿਕਰ ਪੰਜਾਬ

**ਫਰੀਦਕੋਟ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ’ਤੇ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ‘ਯੁੱਧ ਨਸ਼ਿਆਂ ਵਿਰੁੱਧ’ ਦੌਰਾਨ ਵੱਡੀ ਸਫ਼ਲਤਾ ਦਰਜ ਕਰਦਿਆਂ ਫ਼ਰੀਦਕੋਟ ਪੁਲਿਸ ਨੇ ਪਾਕਿਸਤਾਨ-ਸਮਰਥਿਤ ਅੰਤਰਰਾਸ਼ਟਰੀ ਡਰੱਗ ਕਾਰਟੇਲ ਦਾ ਪਰਦਾਫਾਸ਼ ਕਰਦੇ ਹੋਏ ਇੱਕ ਫੌਜੀ ਜਵਾਨ ਅਤੇ ਬਰਖ਼ਾਸਤ ਪੁਲਿਸ ਮੁਲਾਜ਼ਮ ਸਮੇਤ ਛੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 4.8 ਕਿਲੋ ਹੈਰੋਇਨ ਅਤੇ ਇੱਕ .30 ਬੋਰ ਪਿਸਤੌਲ ਸਮੇਤ ਤਿੰਨ ਜ਼ਿੰਦਾ ਕਾਰਤੂਸ ਬਰਾਮਦ ਕੀਤੇ । ਇਹ ਜਾਣਕਾਰੀ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਜਰਨੈਲ ਸਿੰਘ ਉਰਫ ਗੋਲਡੀ ਵਾਸੀ ਲੁਧਿਆਣਾ , ਜੋ ਇਸ ਸਮੇਂ ਭਾਰਤੀ ਫੌਜ ਵਿੱਚ ਸੇਵਾ ਨਿਭਾ ਰਿਹਾ ਹੈ, ਅਮਰਦੀਪ ਸਿੰਘ ਉਰਫ ਬਾਕਸਰ (ਬਰਖਾਸਤ ਪੀਏਪੀ ਕੇਡਰ ਮੁਲਾਜ਼ਮ) ਅਤੇ ਡਿੰਪਲ ਰਾਣੀ ਵਾਸੀ ਫਿਰੋਜ਼ਪੁਰ, ਰਮਨਦੀਪ ਕੌਰ, ਸਰਬਜੀਤ ਸਿੰਘ ਉਰਫ ਸੱਬਾ ਅਤੇ ਅੰਮ੍ਰਿਤਪਾਲ ਸਿੰਘ ਉਰਫ ਅਭਿਜੋਤ ਸਾਰੇ ਵਾਸੀ ਮੋਗਾ ਵਜੋਂ ਹੋਈ ਹੈ। ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਤੋਂ ਇਲਾਵਾ, ਪੁਲਿਸ ਟੀਮਾਂ ਨੇ ਤੀਹ ਹਜ਼ਾਰ ਡਰੱਗ ਮਨੀ ਵੀ ਜ਼ਬਤ ਕੀਤੀ

**■ ਸਰਹੱਦ ਪਾਰੋਂ ਖੇਪਾਂ ਸੁੱਟਣ ਲਈ ਡਰੋਨ ਵਰਤੋਂ ਕਰ ਰਹੇ ਸਨ ਪਾਕਿਸਤਾਨੀ ਹੈਂਡਲਰ : ਐਸ.ਐਸ.ਪੀ. ਫਰੀਦਕੋਟ ਡਾ. ਪ੍ਰਗਿਆ ਜੈਨ**

ਅਤੇ ਉਨ੍ਹਾਂ ਦੀਆਂ ਦੋ ਗੱਡੀਆਂ, ਜਿਨ੍ਹਾਂ ਵਿੱਚ ਥਾਰ ਅਤੇ ਐਕਸਯੂਵੀ-500 ਸ਼ਾਮਲ ਹਨ, ਨੂੰ ਜ਼ਬਤ ਕੀਤਾ ਹੈ, ਜਿਨ੍ਹਾਂ ਦੀ ਵਰਤੋਂ ਉਹ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਕਰ ਰਹੇ ਸਨ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਇਹ ਸਫਲਤਾ ਬਹੁਤ ਹੀ ਯੋਜਨਾਬੱਧ ਤੇ ਖੁਫੀਆ ਆਪ੍ਰੇਸ਼ਨ ਅਤੇ 2 ਮਹੀਨੇ ਦੀ ਪੁਖ਼ਤਾ ਜੇਲ੍ਹ ਨਿਗਰਾਨੀ ਅਤੇ ਚੌਕਸੀ ਦਾ ਨਤੀਜਾ ਹੈ, ਜਿਸ ਨਾਲ ਕਾਰਟੇਲ ਦੀਆਂ ਦੂਰ ਤੱਕ ਫੈਲੀਆਂ ਜੜ੍ਹਾਂ ਦਾ ਪਰਦਾਫਾਸ਼ ਹੋਇਆ ਹੈ। ਆਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦੇ ਹੋਏ ਐਸ.ਐਸ.ਪੀ. ਫਰੀਦਕੋਟ ਡਾ. ਪ੍ਰਗਿਆ ਜੈਨ ਨੇ ਕਿਹਾ ਕਿ 20-21 ਫਰਵਰੀ ਦੀ ਦਰਮਿਆਨੀ ਰਾਤ ਨੂੰ, ਸੀ.ਆਈ.ਏ. ਸਟਾਫ ਦੀ ਟੀਮ ਨੇ ਗ੍ਰੀਨ ਐਵੇਨਿਊ ਨੇੜੇ ਇੱਕ ਥਾਰ ਗੱਡੀ ਨੂੰ ਰੋਕਿਆ। ਡੀਐਸਪੀ (ਫਰੀਦਕੋਟ) ਤਰਲੋਚਨ ਸਿੰਘ ਦੀ ਨਿਗਰਾਨੀ ਹੇਠ ਕੀਤੀ ਗਈ ਤਲਾਸ਼ੀ ਦੌਰਾਨ 1.008 ਕਿਲੋਗ੍ਰਾਮ ਹੈਰੋਇਨ ਅਤੇ ਡਰੱਗ ਮਨੀ ਬਰਾਮਦ ਹੋਈ, ਜਿਸ ਨਾਲ ਚਾਰ ਵਿਅਕਤੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰ ਲਿਆ ਗਿਆ। ਐਸਐਸਪੀ ਨੇ ਕਿਹਾ, “ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਇਹ ਖੇਪ ਅਮਰਦੀਪ ਸਿੰਘ ਉਰਫ਼ ਬਾਕਸਰ ਦੁਆਰਾ ਇੱਕ ਐਕਸਯੂਵੀ-500 ਗੱਡੀ ਵਿੱਚ ਸਪਲਾਈ ਕੀਤੀ ਗਈ ਸੀ। ਇਸ ਸੁਰਾਗ ’ਤੇ ਕਾਰਵਾਈ ਕਰਦੇ ਹੋਏ ਪੁਲਿਸ ਟੀਮਾਂ ਨੇ ਪਿੰਡ ਗੋਲਿਆਨਾ ਸੇਮਨਾਲਾ ਨੇੜੇ ਬਾਕਸਰ ਅਤੇ ਉਸਦੀ ਸਾਥਣ ਡਿੰਪਲ ਰਾਣੀ ਨੂੰ ਰੋਕਿਆ • ਬਾਕੀ ਸਫ਼ਾ 2 ’ਤੇ

## ਨਾਲਾਗੜ੍ਹ ਪੁਲਿਸ ਸਟੇਸ਼ਨ ਧਮਾਕਾ: ਬੀ.ਕੇ.ਆਈ. ਨਾਲ ਸਬੰਧਤ ਦੋ ਮੁੱਖ ਦੋਸ਼ੀ ਪਿਸਤੌਲ ਸਮੇਤ ਗ੍ਰਿਫ਼ਤਾਰ

ਜ਼ਿਕਰ ਪੰਜਾਬ

**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ’ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਤਹਿਤ ਕਾਊਂਟਰ ਇੰਟੈਲੀਜੈਂਸ (ਸੀਆਈ) ਜਲੰਧਰ ਨੇ ਸੀਆਈ ਐਸ. ਏ. ਐਸ. ਨਗਰ ਨਾਲ ਸਾਂਝੇ ਆਪ੍ਰੇਸ਼ਨ ਵਿੱਚ ਹਿਮਾਚਲ ਪ੍ਰਦੇਸ਼ ਦੇ ਨਾਲਾਗੜ੍ਹ ਪੁਲਿਸ ਸਟੇਸ਼ਨ ’ਤੇ ਆਰ. ਡੀ. ਐਕਸ.-ਅਧਾਰਤ ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ (ਆਈ.ਈ.ਡੀ.) ਧਮਾਕੇ ਵਿੱਚ ਸ਼ਾਮਲ ਦੋ ਮੁੱਖ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਸਾਂਝੀ ਕੀਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਮਹਾਵੀਰ ਉਰਫ਼ ਕਾਕਾ ਅਤੇ ਮਨਪ੍ਰੀਤ ਉਰਫ਼ ਮਨੀ ਵਜੋਂ ਹੋਈ ਹੈ, ਦੋਵੇਂ ਐਸਬੀਐਸ ਨਗਰ ਦੇ ਰਹਿਣ ਵਾਲੇ ਹਨ। ਆਪ੍ਰੇਸ਼ਨ ਦੌਰਾਨ ਉਨ੍ਹਾਂ ਦੇ ਕਬਜ਼ੇ ਵਿੱਚੋਂ ਇੱਕ 9 ਐਮ.ਐਮ. ਗਲੌਕ ਪਿਸਤੌਲ ਅਤੇ ਚਾਰ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਬੱਬਰ ਖਾਲਸਾ ਇੰਟਰਨੈਸ਼ਨਲ (ਬੀ. ਕੇ. ਆਈ.) ਨਾਲ ਜੁੜੇ ਵਿਦੇਸ਼ ਅਧਾਰਤ ਮਾਸਟਰਮਾਈਂਡ ਗੋਪੀ ਨਵਾਸ਼ਹਰੀਆ, ਜੱਸੀ ਕੁਲਾਮ ਅਤੇ ਸ਼ੁਸ਼ਾਂਤ ਚੋਪੜਾ ਦੇ ਨਿਰਦੇਸ਼ਾਂ ’ਤੇ ਕੰਮ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੇ ਵਿਦੇਸ਼ੀ ਹੈਂਡਲਰਾਂ ਦੇ ਨਿਰਦੇਸ਼ਾਂ ’ਤੇ ਆਪਣੇ ਸਾਥੀਆਂ ਨਾਲ ਮਿਲ ਕੇ ਆਰ.ਡੀ.ਐਕਸ.-ਅਧਾਰਤ ਆਈਈਡੀ ਅਤੇ ਹੈਂਡ ਗ੍ਰਨੇਡ ਵਾਲੀਆਂ ਖੇਪਾਂ ਪ੍ਰਾਪਤ ਕੀਤੀਆਂ ਸਨ। ਗ਼ੌਰਤਲਬ ਹੈ • ਬਾਕੀ ਸਫ਼ਾ 2 ’ਤੇ



**ਸੰਪਾਦਕੀ**

# ਪੰਜਾਬ ਦੀ ਨੌਜਵਾਨੀ 'ਤੇ ਪੇਂਡੂ ਖੇਡ ਮੇਲਿਆਂ ਦਾ ਪ੍ਰਭਾਵ

ਪੰਜਾਬ ਵਿੱਚ ਹਾਲ ਹੀ ਵਿੱਚ ਹੋਏ ਦੋ ਵੱਡੇ ਪੇਂਡੂ ਖੇਡ ਮੇਲਿਆਂ ਨੇ ਪੰਜਾਬ ਦੀ ਨੌਜਵਾਨੀ ਵਿਚ ਨਸ਼ਿਆਂ ਦੇ ਰੁਝਾਨ ਬਾਰੇ ਫੈਲੇ ਭਰਮ ਤੇ ਮਿੱਥ ਨੂੰ ਤੋੜਿਆ ਹੈ। ਪੰਜਾਬੀ ਨੌਜਵਾਨਾਂ ਦੇ ਮੱਥੇ ਉਪਰ ਲੱਗਾ ਨਸ਼ਾਖੋਰ ਹੋਣ ਦਾ ਦਾਗ਼ ਵੀ ਧੋਇਆ ਹੈ।




ਲੁਧਿਆਣਾ ਲਾਗੇ ਪਿੰਡ ਜਰਖੜ ਦੇ ਵਿਸ਼ਵ ਪ੍ਰਸਿੱਧ ਖੇਡ ਲੇਖਕ ਤੇ ਖੇਡ ਪ੍ਰਮੋਟਰ ਜਗਰੂਪ ਸਿੰਘ ਜਰਖੜ ਦੇ ਉੱਦਮ ਨਾਲ ਕਰਵਾਈਆਂ ਜਾਣ ਵਾਲੀਆਂ 38ਵੀਆਂ ਜਰਖੜ ਖੇਡਾਂ ਅਤੇ ਪਿੰਡ ਕਿਲਾ ਰਾਏਪੁਰ ਵਿਖੇ ਹੁੰਦੀਆਂ ਕਿਲਾ ਰਾਇਪੁਰ ਦੀਆਂ ਖੇਡਾਂ ਨੇ ਨੌਜਵਾਨਾਂ ਵਿੱਚ ਖੇਡਾਂ ਪ੍ਰਤੀ ਦਿਲਚਸਪੀ ਅਤੇ ਉਤਸ਼ਾਹ ਨੂੰ ਹੋਰ ਵਧਾਇਆ ਹੈ। ਇਹ ਖੇਡ ਮੇਲੇ, ਜੋ ਕਿ ਪੇਂਡੂ ਮਿਨੀ ਓਲੰਪਿਕ ਖੇਡ ਮੇਲਿਆਂ ਵਜੋਂ ਜਾਣੇ ਜਾਂਦੇ ਹਨ, ਨਾ ਸਿਰਫ਼ ਰਵਾਇਤੀ ਖੇਡਾਂ ਨੂੰ ਉਤਸ਼ਾਹਿਤ ਕਰਦੇ ਹਨ, ਬਲਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਵਿੱਚ ਵੀ ਮਦਦ ਕਰਦੇ ਹਨ। ਪੰਜਾਬ ਵਿੱਚ ਕਬੱਡੀ, ਕੁਸ਼ਤੀ, ਅਤੇ ਹਾਕੀ ਵਰਗੀਆਂ ਖੇਡਾਂ ਬਹੁਤ ਮਸ਼ਹੂਰ ਹਨ। ਇਹ ਖੇਡਾਂ ਨੌਜਵਾਨਾਂ ਨੂੰ ਸਰੀਰਕ ਤੌਰ 'ਤੇ ਮਜ਼ਬੂਤ ਬਣਾਉਣ ਦੇ ਨਾਲ-ਨਾਲ ਉਨ੍ਹਾਂ ਦੀ ਮਾਨਸਿਕ ਸਿਹਤ ਨੂੰ ਵੀ ਬਿਹਤਰ ਬਣਾਉਂਦੀਆਂ ਹਨ। ਪੇਂਡੂ ਖੇਡ ਮੇਲੇ ਨੌਜਵਾਨਾਂ ਨੂੰ ਇਨ੍ਹਾਂ ਖੇਡਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕਰਦੇ ਹਨ, ਜਿਸ ਨਾਲ ਉਨ੍ਹਾਂ ਦੀ ਖੇਡਾਂ ਪ੍ਰਤੀ ਦਿਲਚਸਪੀ ਵਧਦੀ ਹੈ। ਹਾਲਾਂਕਿ, ਨਸ਼ਿਆਂ ਦੇ ਵਧਦੇ ਪ੍ਰਭਾਵ ਬਾਰੇ ਚਿੰਤਾਵਾਂ ਵੀ ਹਨ। ਪੇਂਡੂ ਖੇਡ ਮੇਲਿਆਂ ਵਿੱਚ ਨਸ਼ਿਆਂ ਦੇ ਪ੍ਰਭਾਵ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਂਦੇ ਹਨ। ਇਹ ਮੇਲੇ ਨੌਜਵਾਨਾਂ ਨੂੰ ਨਸ਼ਿਆਂ ਦੇ ਖ਼ਤਰਿਆਂ ਬਾਰੇ ਸਿੱਖਿਅਤ ਕਰਦੇ ਹਨ ਅਤੇ ਉਨ੍ਹਾਂ ਨੂੰ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਦੇ ਹਨ। ਇਹ ਖੇਡ ਮੇਲੇ ਨੌਜਵਾਨਾਂ ਨੂੰ ਖੇਡਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕਰਦੇ ਹਨ ਅਤੇ ਉਨ੍ਹਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਨੂੰ ਬਿਹਤਰ ਬਣਾਉਣ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ। ਪੇਂਡੂ ਖੇਡ ਮੇਲਿਆਂ ਦਾ ਮਕਸਦ ਨੌਜਵਾਨਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨਾ ਤਾਂ ਹੁੰਦਾ ਹੀ ਹੈ, ਇਹਨਾਂ ਰਾਹੀਂ ਨੌਜਵਾਨਾਂ ਵਿੱਚ ਨਸ਼ਿਆਂ ਦੇ ਖ਼ਤਰਿਆਂ ਬਾਰੇ ਜਾਗਰੂਕਤਾ ਵੀ ਪੈਦਾ ਹੁੰਦੀ ਹੈ। ਕਹਿਣ ਦਾ ਭਾਵ ਕਿ ਇਹ ਪੇਂਡੂ ਖੇਡ ਮੇਲੇ ਨੌਜਵਾਨਾਂ ਨੂੰ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਦੇ ਹਨ। ਸੋ, ਅਸੀਂ ਇਹ ਮੰਨਦੇ ਹਾਂ ਕਿ ਖੇਡ ਮੇਲਿਆਂ ਦਾ ਆਯੋਜਨ ਕਰਨ ਲਈ ਉਪਰਾਲੇ ਕਰਨ ਵਾਲੀਆਂ ਸੰਸਥਾਵਾਂ ਅਤੇ ਵਿਅਕਤੀ ਨੌਜਵਾਨੀ ਨੂੰ ਸਾਰਥਕ ਪਾਸੇ ਲਾ ਕੇ ਸਮਾਜ ਸੇਵਾ ਦਾ ਵੱਡਾ ਕਰਜ ਕਰਦੇ ਹਨ। ਜਰਖੜ ਖੇਡਾਂ ਦਾ ਆਯੋਜਨ ਕਰਵਾਉਣ ਵਾਲਾ ਜਗਰੂਪ ਸਿੰਘ ਜਰਖੜ ਜਿੱਥੇ ਹਰ ਸਾਲ ਇਹ ਖੇਡ ਮੇਲਾ ਕਰਵਾ ਕੇ ਵੱਡੀ ਗਿਣਤੀ ਵਿਚ ਪੰਜਾਬ ਦੇ ਨੌਜਵਾਨਾਂ ਨੂੰ ਸਿਹਤ ਪ੍ਰਤੀ ਜਾਗਰੂਕ ਹੋਣ ਦਾ ਸੁਨੇਹਾ ਦੇ ਰਿਹਾ ਹੈ, ਉੱਥੇ ਹੀ ਉਸਨੇ ਖੇਡਾਂ ਅਤੇ ਖਿਡਾਰੀਆਂ ਬਾਰੇ ਲਿਖੇ ਆਪਣੇ ਲੇਖਾਂ ਰਾਹੀਂ ਵੀ ਇਹ ਸੁਨੇਹਾ ਲੱਖਾਂ ਲੋਕਾਂ ਤਕ ਪਹੁੰਚਾਉਣ ਦਾ ਕੰਮ ਕੀਤਾ ਹੈ। ਅਜਿਹੇ ਉਤਸ਼ਾਹੀ ਲੋਕਾਂ ਨੂੰ ਸਰਕਾਰਾਂ ਵੱਲੋਂ ਬਣਦਾ ਮਾਣ ਸਨਮਾਨ ਦਿੱਤਾ ਜਾਣਾ ਚਾਹੀਦਾ ਹੈ।

**- ਅਸ਼ਵਨੀ ਜੇਤਲੀ**

# ਪਾਰਦਰਸ਼ਿਤਾ ਤੋਂ ਜਵਾਬਦੇਹੀ ਵੱਲ: ਭਾਰਤ ਦੇ ਖੁਰਾਕ ਸੁਰੱਖਿਆ ਢਾਂਚੇ ਵਿੱਚ ਏਆਈ ਦੀ ਭੂਮਿਕਾ

ਪਿਛਲੇ ਇੱਕ ਦਹਾਕੇ ਦੌਰਾਨ, ਭਾਰਤ ਨੇ ਬੇਮਿਸਾਲ ਪੈਮਾਨੇ 'ਤੇ ਆਪਣੇ ਖੁਰਾਕ ਸੁਰੱਖਿਆ ਢਾਂਚੇ ਦਾ ਡਿਜ਼ੀਟਲੀਕਰਣ ਕੀਤਾ ਹੈ। ਖਰੀਦ ਅਤੇ ਭੰਡਾਰਣ ਤੋਂ ਲੈ ਕੇ ਆਵਾਜਾਈ, ਵੰਡ ਅਤੇ ਸਬਸਿਡੀ ਦੇ ਨਿਪਟਾਰੇ ਤੱਕ, ਮੁੱਲ ਲੜੀ ਦਾ ਹਰ ਪੜਾਅ ਹੁਣ ਡਿਜ਼ੀਟਲ ਪ੍ਰਣਾਲੀਆਂ ਦੁਆਰਾ ਸੰਚਾਲਿਤ ਹੈ। ਇਹ ਵਿਵਸਥਾ ਨਿਰੰਤਰ ਸੰਚਾਲਨ ਨਾਲ ਜੁੜੇ ਅੰਕੜੇ ਸਿਰਜਣ ਦੇ ਨਾਲ-ਨਾਲ ਹਰ ਮਹੀਨੇ ਲਗਭਗ 80 ਕਰੋੜ ਲਾਭਾਰਥੀਆਂ ਨੂੰ ਸੇਵਾਵਾਂ ਪ੍ਰਦਾਨ ਕਰ ਰਹੀ ਹੈ। ਸ਼ਾਸਨ ਸਬੰਧੀ ਅਗਲੀ ਚੁਣੌਤੀ ਇਸ ਪਾਰਦਰਸ਼ਿਤਾ ਨੂੰ ਪ੍ਰਸ਼ਾਸਨਿਕ ਜਵਾਬਦੇਹੀ ਵਿੱਚ ਬਦਲਣਾ ਹੈ। ਸਿਰਫ਼ ਦਿਖਣਾ ਹੀ ਕਾਫੀ ਨਹੀਂ ਹੈ, ਸਗੋਂ ਇਸ ਪ੍ਰਣਾਲੀ ਨੂੰ ਪੈਟਰਨ ਦੀ ਵਿਆਖਿਆ ਕਰਨ, ਜੋਖਿਮਾਂ ਨੂੰ ਪ੍ਰਾਥਮਿਕਤਾ ਦੇਣ ਅਤੇ ਸਮੇਂ ਸਿਰ ਪ੍ਰਤੀਕਿਰਿਆ ਕਰਨ ਵਿੱਚ ਵੀ ਸਮਰੱਥ ਹੋਣਾ ਚਾਹੀਦਾ ਹੈ। ਇਸ ਬਦਲਾਅ ਨੂੰ ਦੇਖਦੇ ਹੋਏ, ਕੇਂਦਰ ਸਰਕਾਰ ਪੂਰੀ ਪ੍ਰਣਾਲੀ ਵਿੱਚ ਫੈਸਲੇ ਲੈਣ ਦੀ ਪ੍ਰਕਿਰਿਆ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਆਰਟੀਫਿਸ਼ੀਅਲ ਇੰਟੈਲੀਜੈਂਸ (ਏਆਈ) ਦਾ ਉਪਯੋਗ ਕਰ ਰਹੀ ਹੈ। ਖਰੀਦ ਪ੍ਰਕਿਰਿਆ ਦੇ ਦੌਰਾਨ, ਭਾਰਤੀ ਖੁਰਾਕ ਨਿਗਮ (ਐੱਫਸੀਆਈ) ਨੂੰ ਕਟਾਈ ਤੋਂ ਬਾਅਦ ਸਪਲਾਈ ਕੀਤੇ ਗਏ ਚੌਲਾਂ ਦੀ ਗੁਣਵੱਤਾ ਦਾ ਮੁਲਾਂਕਣ ਟੁੱਟੇ ਹੋਏ ਦਾਣਿਆਂ ਦੇ ਪ੍ਰਤੀਸ਼ਤ, ਅਸ਼ੁੱਧੀਆਂ ਅਤੇ ਰੰਗ ਵਿੱਚ ਬਦਲਾਅ ਜਿਹੇ ਨਿਰਧਾਰਿਤ ਮਾਪਦੰਡਾਂ ਦੇ ਅਧਾਰ 'ਤੇ ਦ੍ਰਿਸ਼ ਅਧਾਰਿਤ ਮੁਲਾਂਕਣ 'ਤੇ ਨਿਰਭਰ ਕਰਦਾ ਹੈ। ਵੱਡੇ ਪੱਧਰ 'ਤੇ, ਮਨੁੱਖੀ ਵਿਅਕਤੀਗਤਤਾ ਕਾਰਨ ਨਤੀਜੇ ਵੱਖ-ਵੱਖ ਹੋ ਸਕਦੇ ਹਨ। ਇਸ ਲਈ, ਏਆਈ ਨਾਲ ਲੈਸ ਸਵੈਚਾਲਿਤ ਅਨਾਜ ਵਿਸ਼ਲੇਸ਼ਕ (ਏਜੀਏ) ਦਾ ਇਸਤੇਮਾਲ ਤਸਵੀਰ-ਅਧਾਰਿਤ ਵਿਸ਼ਲੇਸ਼ਣ ਰਾਹੀਂ ਇਨ੍ਹਾਂ ਮਾਪਦੰਡਾਂ ਦਾ ਮੁਲਾਂਕਣ ਕਰਨ ਲਈ ਕੀਤਾ ਜਾ ਰਿਹਾ ਹੈ। ਮਾਪ ਨੂੰ ਮਿਆਰੀਕ੍ਰਿਤ ਕਰਕੇ ਅਤੇ ਵਿਅਕਤੀਗਤਤਾ ਨੂੰ ਘਟਾ ਕੇ, ਇਹ ਪ੍ਰਣਾਲੀਆਂ ਮੌਜੂਦਾ ਖਰੀਦ ਮਾਪਦੰਡਾਂ ਦੇ ਅੰਦਰ ਕੰਮ ਕਰਦੀਆਂ ਹੋਈਆਂ ਗੁਣਵੱਤਾ ਦੀ ਪੁਸ਼ਟੀ ਵਿੱਚ ਨਿਰੰਤਰਤਾ ਨੂੰ ਬਿਹਤਰ ਬਣਾ ਰਹੀਆਂ ਹਨ। ਐੱਫਸੀਆਈ ਅਤੇ ਸੈਂਟ?ਰਲ ਵੇਅਰਹਾਊਸਿੰਗ ਕਾਰਪੋਰੇਸ਼ਨ (ਸੀਡਬਲਿਊਸੀ) ਦੁਆਰਾ ਸੰਚਾਲਿਤ ਭੰਡਾਰਣ ਕੇਂਦਰਾਂ ਵਿੱਚ, ਨਿਗਰਾਨੀ ਨੂੰ ਮਜ਼ਬੂਤ ਕਰਨ ਲਈ ਆਈਓਟੀ-ਅਧਾਰਿਤ ਨਿਗਰਾਨੀ ਪ੍ਰਣਾਲੀਆਂ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਸੈਂਸਰ ਤਾਪਮਾਨ, ਨਮੀ, ਫਫੂੰਦ ਅਤੇ ਕਾਰਬਨ ਡਾਈਆਕਸਾਈਡ ਦੇ ਪੱਧਰਾਂ ਨੂੰ ਮਾਪਦੇ ਹਨ, ਜਦਕਿ ਏਆਈ ਨਾਲ ਲੈਸ ਕੰਪਿਊਟਰ ਵਿਜ਼ਨ ਟੂਲ ਆਟੋਮੈਟਿਕ ਤਰੀਕੇ ਨਾਲ ਬੋਰੀਆਂ ਦੀ ਗਿਣਤੀ ਅਤੇ ਸਟਾਕ ਦੀ ਪੁਸ਼ਟੀ ਕਰਨ ਵਿੱਚ ਮਦਦ ਕਰਦੇ ਹਨ। ਇਹ ਪ੍ਰਣਾਲੀਆਂ ਮਾਲ-ਸੂਚੀ (ਇਨਵੈਂਟਰੀ) ਅਤੇ ਵਾਤਾਵਰਣੀ ਸਥਿਤੀਆਂ ਨਾਲ ਸਬੰਧਿਤ ਨਿਰੰਤਰ ਅੰਕੜੇ ਤਿਆਰ ਕਰਦੀਆਂ ਹਨ। ਡੀਐੱਫਪੀਡੀ ਦੇ ਵੇਅਰਹਾਊਸ ਗ੍ਰੇਡਿੰਗ ਪਲੈਟਫਾਰਮ 'ਡਿਪੋ ਦਰਪਣ' ਨਾਲ ਏਕੀਕ੍ਰਿਤ, ਇਸ ਅੰਕੜੇ ਦਾ ਵਿਸ਼ਲੇਸ਼ਣ ਪ੍ਰਿਡਿਕਟਿਵ ਐਨਾਲਿਟਿਕਸ ਦਾ ਉਪਯੋਗ ਕਰਕੇ ਖਰਾਬ ਹੋਣ ਦੇ ਜੋਖਮ, ਸਟਾਕ ਸਬੰਧੀ ਵਿਸੰਗਤੀਆਂ ਅਤੇ ਪਾਲਣਾ ਦੀਆਂ ਕਮੀਆਂ ਨਾਲ ਜੁੜੇ ਪੈਟਰਨ ਦੀ ਪਛਾਣ ਕਰਨ ਲਈ ਕੀਤੀ ਜਾ ਸਕਦੀ ਹੈ, ਤਾਂ ਜੋ ਜਲਦੀ ਅਤੇ ਮੁਕਾਬਲਤਨ ਵਧੇਰੇ ਜੋਖਮ-ਅਧਾਰਿਤ ਨਿਗਰਾਨੀ ਨਾਲ ਜੁੜੀ ਕਾਰਵਾਈ ਸੰਭਵ ਹੋ ਸਕੇ। ਅਨਾਜਾਂ ਦੀ ਆਵਾਜਾਈ ਦੌਰਾਨ, ਮਾਰਗ ਅਨੁਕੂਲਨ ਉਪਕਰਣਾਂ ('ਅੰਨ ਚੱਕਰ') ਦੀ ਵਰਤੋਂ ਕਰਕੇ ਜਿੱਥੇ ਆਵਾਜਾਈ ਦੀ ਯੋਜਨਾ ਬਣਾਈ ਜਾਂਦੀ ਹੈ, ਉੱਥੇ ਹੀ ਵ?ਹੀਕਲ ਲੋਕੇਸ਼ਨ ਟ?ਰੈਕਿੰਗ ਸਿਸਟਮ (ਵੀਐੱਲਟੀਐਸ) ਟਰੱਕ ਦੀ ਆਵਾਜਾਈ ਨਾਲ ਜੁੜੇ ਅਸਲ ਸਮੇਂ ਦੇ ਜੀਪੀਐੱਸ-ਅਧਾਰਿਤ ਅੰਕੜੇ ਤਿਆਰ ਕਰਦੇ ਹਨ। ਰਾਜਾਂ ਨੇ ਮਾਰਗ ਅਨੁਕੂਲ ਦੇ ਰਾਹੀਂ ਲਗਭਗ 238 ਕਰੋੜ ਰੁਪਏ ਦੀ ਸਲਾਨਾ ਬਚਤ ਕੀਤੀ ਹੈ। ਮਾਰਗ ਸਬੰਧੀ ਯੋਜਨਾਵਾਂ ਭਲੇ ਹੀ ਵਧੀਆ ਢੰਗ ਨਾਲ ਬਣੀਆਂ ਹੋਣ, ਪਰ ਰਾਜਾਂ ਵਿੱਚ ਹਜ਼ਾਰਾਂ ਯਾਤਰਾਵਾਂ ਦੀ ਨਿਗਰਾਨੀ ਕਰਨਾ ਸੰਚਾਲਨ ਸਬੰਧੀ ਚੁਣੌਤੀਆਂ ਪੇਸ਼ ਕਰਦਾ ਹੈ। ਆਵਾਜਾਈ ਸਬੰਧੀ ਅੰਕੜਿਆਂ ਦਾ ਵਿਸ਼ਲੇਸ਼ਣ ਕਰਨ ਅਤੇ ਵਾਰ-ਵਾਰ ਹੋਣ ਵਾਲੇ ਮਾਰਗ ਤੋਂ ਹਟਾਅ, ਅਸਧਾਰਣ ਦੇਰੀ ਜਾਂ ਅਸਧਾਰਣ ਰੁਕਾਵਟਾਂ ਦੀ ਪਛਾਣ ਕਰਨ ਦੇ ਉਦੇਸ਼ ਨਾਲ ਏਆਈ-ਅਧਾਰਿਤ ਪੈਟਰਨ ਦਾ ਪਤਾ ਲਗਾਉਣ ਅਤੇ ਵਿਸੰਗਤੀਆਂ ਦੀ ਪਛਾਣ ਕਰਕੇ ਯੋਜਨਾ ਬਣਾਈ ਜਾ ਰਹੀ ਹੈ। ਇਹ ਵਿਸ਼ਲੇਸ਼ਣ ਨਿਗਰਾਨੀ ਨੂੰ ਮਜ਼ਬੂਤ ਕਰਦੇ ਹਨ ਅਤੇ ਆਵਾਜਾਈ ਸੰਚਾਲਨ ਦੇ ਮੁਕਾਬਲਤਨ ਵਧੇਰੇ ਕੇਂਦ੍ਰਿਤ ਤਸਦੀਕ ਨੂੰ ਸੰਭਵ ਬਣਾ ਰਹੇ ਹਨ। ਵੰਡ ਵਾਲੇ ਪੜਾਅ ਵਿੱਚ, ਰਾਜਾਂ ਦੁਆਰਾ ਰੱਖੇ ਗਏ ਲਾਭਾਰਥੀਆਂ ਦੇ ਰਿਕਾਰਡ ਨੂੰ ਸਮਾਰਟ-ਪੀਡੀਐੱਸ ਪਲੈਟਫਾਰਮ ਦੇ ਤਹਿਤ ਇਕੱਠਾ ਕੀਤਾ ਜਾਂਦਾ ਹੈ। ਇਸ ਨਾਲ ਰਾਸ਼ਨ ਕਾਰਡਾਂ ਦਾ ਇੱਕ ਏਕੀਕ੍ਰਿਤ ਰਾਸ਼ਟਰੀ ਭੰਡਾਰ ਤਿਆਰ ਹੁੰਦਾ ਹੈ। ਇਹੀ ਨਹੀਂ, ਇਸ ਨਾਲ ਰਾਜਾਂ ਦੁਆਰਾ ਪਰਿਭਾਸ਼ਿਤ ਮਾਪਦੰਡਾਂ ਦੇ ਤਹਿਤ ਸੰਭਾਵਿਤ ਤੌਰ 'ਤੇ ਅਯੋਗ ਕਾਰਡਾਂ ਦੀ ਪਛਾਣ ਕਰਨ ਲਈ ਹੋਰ ਸਰਕਾਰੀ ਡੇਟਾਬੇਸ ਨਾਲ ਸੱਚਾਈ ਦੀ ਪੁਸ਼ਟੀ (ਕ੍ਰਾਸ-ਵੈਰੀਫਿਕੇਸ਼ਨ) ਵੀ ਸੰਭਵ ਹੋ ਪਾਉਂਦੀ ਹੈ। ਹੁਣ ਤੱਕ, ਇਸ ਤਰ੍ਹਾਂ ਦੀ ਜਾਂਚ ਰਾਹੀਂ 8.51 ਕਰੋੜ ਰਾਸ਼ਨ ਕਾਰਡਾਂ ਨੂੰ ਚਿੰਨ੍ਹ?ਤ ਕੀਤਾ ਗਿਆ ਹੈ। ਇਨ੍ਹਾਂ ਵਿੱਚੋਂ 2.18 ਕਰੋੜ ਕਾਰਡਾਂ ਨੂੰ ਰਾਜ ਸਰਕਾਰਾਂ ਦੁਆਰਾ ਉੱਚਿਤ ਪ੍ਰਕਿਰਿਆ ਤੋਂ ਬਾਅਦ ਹਟਾ ਦਿੱਤਾ ਗਿਆ ਹੈ। ਹਾਲਾਂਕਿ, ਨਾਮਾਂ, ਪਤਿਆਂ, ਆਧਾਰ ਸੀਡਿੰਗ ਅਤੇ ਪਰਿਵਾਰ ਦੀ ਸੰਰਚਨਾ ਵਿੱਚ ਗਲਤੀਆਂ ਵੱਡੇ ਪੱਧਰ 'ਤੇ ਨਿਯਮ-ਅਧਾਰਿਤ ਜਾਂਚ ਦੀ ਪ੍ਰਭਾਵਸ਼ੀਲਤਾ ਨੂੰ ਸੀਮਿਤ ਕਰ ਸਕਦੀਆਂ ਹਨ। ਸੰਭਾਵਿਤ ਨਕਲ, ਸਬੰਧਿਤ ਪਛਾਣਾਂ ਅਤੇ ਅਸਧਾਰਣ ਪਰਿਵਾਰਾਂ ਦੀ ਪਛਾਣ ਕਰਨ ਲਈ ਮਸ਼ੀਨ ਲਰਨਿੰਗ 'ਤੇ ਅਧਾਰਿਤ ਅੰਕੜਿਆ ਦੇ ਮਿਲਾਣ ਦੀ ਤਕਨੀਕਾਂ ਦਾ ਉਪਯੋਗ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ। ਇਸ ਦੇ ਨਤੀਜੇ ਵਜੋਂ ਪ੍ਰਾਪਤ ਹੋਣ ਵਾਲੇ ਜੋਖਮ ਸਬੰਧੀ ਸੰਕੇਤ ਰਾਜਾਂ ਦੁਆਰਾ ਲਕਸ਼ਿਤ ਤਸਦੀਕ ਵਿੱਚ ਮਦਦ ਕਰਨਗੇ ਅਤੇ ਜਿਸ ਨਾਲ ਮੌਜੂਦਾ ਯੋਗਤਾ ਮਾਪਦੰਡਾਂ ਦੇ ਅੰਦਰ ਸਟੀਕਤਾ ਹੋਰ ਬਿਹਤਰ ਹੋਵੇਗੀ। ਲਾਭਾਰਥੀਆਂ ਦੀ ਸ਼ਿਕਾਇਤਾਂ ਸੇਵਾਵਾਂ ਦੀ ਸਪਲਾਈ ਅਤੇ ਅਨਾਜ ਦੀ ਗੁਣਵੱਤਾ ਬਾਰੇ ਮਹੱਤਵਪੂਰਨ ਸੰਕੇਤ ਦਿੰਦੀਆਂ ਹਨ। ਸ਼ਿਕਾਇਤ ਦਰਜ ਕਰਵਾਉਣ ਲਈ ਕਈ ਸਾਧਨ (ਔਨਲਾਈਨ ਪੋਰਟਲ, ਕਾਲ ਸੈਂਟਰ, ਵ?ਹਾਟਸਐਪ ਅਤੇ ਆਈਵੀਆਰਐੱਸ ਸਮੇਤ) ਮੌਜੂਦ ਹਨ, ਪਰ ਸ਼ਿਕਾਇਤਾਂ ਦੀ ਸੰਖਿਆ ਅਤੇ ਭਾਸ਼ਾਈ ਵਿਭਿੰਨਤਾ ਕਾਰਨ ਸਮੇਂ 'ਤੇ ਉਨ੍ਹਾਂ ਦਾ ਨਿਪਟਾਰਾ ਅਤੇ ਸਮਾਧਾਨ ਕਰਨਾ ਮੁਸ਼ਕਲ ਹੋ ਜਾਂਦਾ ਹੈ। ਸਰਕਾਰ ਨੇ ਅੰਨ ਸਹਾਇਤਾ ਹੋਲਿਸਟਿਕ ਏਆਈ ਸਲਿਊਸ਼ਨ (ਆਸ਼ਾ) ਦੀ ਸ਼ੁਰੂਆਤ ਕੀਤੀ ਹੈ, ਜੋ ਬਹੁਭਾਸ਼ੀ ਵੌਇਸ ਆਉਟਰੀਚ ਅਤੇ ਏਆਈ-ਅਧਾਰਿਤ ਵਿਸ਼ਲੇਸ਼ਣ ਦੀ ਵਰਤੋਂ ਕਰਕੇ ਲਾਭਾਰਥੀਆਂ ਤੋਂ ਵਿਵਸਥਿਤ ਫੀਡਬੈਕ ਇਕੱਠਾ ਕਰਦਾ ਹੈ। ਸਵੈਚਾਲਿਤ ਵਰਗੀਕਰਣ ਅਤੇ ਭਾਵਨਾਵਾਂ ਦੇ ਵਿਸ਼ਲੇਸ਼ਣ ਨਾਲ ਪ੍ਰਸ਼ਾਸਕਾਂ ਲਈ ਡੈਸ਼ਬੋਰਡ ਤਿਆਰ ਕਰਦੇ ਹਨ, ਜਿਸ ਨਾਲ ਪ੍ਰਾਥਮਿਕਤਾਵਾਂ ਦੇ ਨਿਰਧਾਰਣ ਅਤੇ ਪ੍ਰਤੀਕਿਰਿਆ ਵਿੱਚ ਲਗਣ ਵਾਲੇ ਸਮੇਂ ਵਿੱਚ ਸੁਧਾਰ ਹੁੰਦਾ ਹੈ। ਆਸ਼ਾ ਵਰਤਮਾਨ ਵਿੱਚ ਹਰ ਮਹੀਨੇ ਲਗਭਗ 20 ਲੱਖ ਲਾਭਾਰਥੀਆਂ ਤੱਕ ਪਹੁੰਚਦੀ ਹੈ ਅਤੇ ਪੂਰੇ ਦੇਸ਼ ਵਿੱਚ ਇਸ ਦਾ ਵਿਸਥਾਰ ਕੀਤਾ ਜਾ ਰਿਹਾ ਹੈ। ਅੰਤ ਵਿੱਚ, ਰਾਜ ਸਰਕਾਰਾਂ ਖਰੀਦ ਲਾਗਤ ਕੰਪੋਨੈਂਟਸ ਨਾਲ ਸਬੰਧਿਤ ਸਹਾਇਕ ਦਸਤਾਵੇਜ਼ਾਂ ਦੇ ਨਾਲ ਐੱਨਐੱਫਐੱਸਏ ਲਈ ਸਬਸਿਡੀ ਦਾਅਵੇ (ਸਕੈਨ) ਪੋਰਟਲ ਰਾਹੀਂ ਸਬਸਿਡੀ ਸਬੰਧੀ ਦਾਅਵਿਆਂ ਨੂੰ ਪੇਸ਼ ਕਰਦੀਆਂ ਹਨ। ਫਾਰਮੈਟ ਅਤੇ ਚੈਕਲਿਸਟ ਭਲੇ ਹੀ ਮਿਆਰੀਕ੍ਰਿਤ ਹਨ, ਪਰ ਅਧੂਰੇ, ਬੇਮੇਲ ਜਾਂ ਅਸਪਸ਼ਟ ਦਸਤਾਵੇਜ਼ਾਂ ਕਾਰਨ ਜਾਂਚ ਅਤੇ ਭੁਗਤਾਨ ਵਿੱਚ ਦੇਰੀ ਹੋ ਸਕਦੀ ਹੈ। ਦਸਤਾਵੇਜ਼ਾਂ ਦੀ ਪ੍ਰਾਸੰਗਿਕਤਾ, ਡੇਟਾ ਦੀ ਨਿਰੰਤਰਤਾ ਅਤੇ ਅਪਲੋਡ ਦੀ ਸਪਸ਼ਟਤਾ ਦੀ ਪੁਸ਼ਟੀ ਕਰਨ ਲਈ ਏਆਈ-ਅਧਾਰਿਤ ਦਸਤਾਵੇਜ਼ ਤਸਦੀਕ ਅਤੇ ਗੁਣਵੱਤਾ ਮੁਲਾਂਕਣ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਨਾਲ ਵਾਰ-ਵਾਰ ਦੀ ਪੁੱਛਗਿੱਛ ਘੱਟ ਹੁੰਦੀ ਹੈ ਅਤੇ ਦਾਅਵਿਆਂ ਦੇ ਨਿਪਟਾਰੇ ਦੀ ਪ੍ਰਕਿਰਿਆ ਵਿੱਚ ਕੁਸ਼ਲਤਾ ਅਤੇ ਨਿਰੰਤਰਤਾ ਬਿਹਤਰ ਹੁੰਦੀ ਹੈ। ਭਾਰਤ ਦੇ ਖੁਰਾਕ ਸਬਸਿਡੀ ਢਾਂਚੇ ਨੇ ਡਿਜੀਟਾਈਜ਼ੇਸ਼ਨ ਦੇ ਜ਼ਰੀਏ ਪਹਿਲਾਂ ਹੀ ਬਰਬਾਦੀ ਨੂੰ ਘੱਟ ਕਰ ਦਿੱਤਾ ਹੈ। ਅਗਲਾ ਬਦਲਾਅ ਜਵਾਬਦੇਹੀ ਵਿੱਚ ਨਿਹਿਤ ਹੈ। ਖਰੀਦ, ਭੰਡਾਰਣ, ਆਵਾਜਾਈ, ਵੰਡ ਅਤੇ ਦਾਅਵਿਆਂ ਦੇ ਨਿਪਟਾਰੇ ਦੀ ਪ੍ਰਕਿਰਿਆ ਵਿੱਚ ਏਆਈ ਨੂੰ ਸ਼ਾਮਲ ਕਰਕੇ, ਇਹ ਪ੍ਰਣਾਲੀ ਜੋਖਮਾਂ ਦਾ ਜਲਦੀ ਪਤਾ ਲਗਾਉਣ, ਗਲਤੀਆਂ ਨੂੰ ਤੇਜ਼ੀ ਨਾਲ ਸੁਧਾਰਣ ਅਤੇ ਲਾਭਾਰਥੀਆਂ ਨੂੰ ਉਨ੍ਹਾਂ ਦਾ ਹੱਕ ਸਮੇਂ 'ਤੇ ਦਿਵਾਉਣ ਵਿੱਚ ਵਧੇਰੇ ਸਮਰੱਥ ਹੋ ਜਾਂਦੀ ਹੈ। ਕੁੱਲ 80 ਕਰੋੜ ਤੋਂ ਵੱਧ ਲੋਕਾਂ ਲਈ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਉਣ ਵਾਲੇ ਇਸ ਪ੍ਰੋਗਰਾਮ ਵਿੱਚ, ਵਧੇਰੇ ਜਵਾਬਦੇਹੀ ਕੋਈ ਮਾਮੂਲੀ ਸੁਧਾਰ ਨਹੀਂ ਸਗੋਂ ਸਮਾਜਿਕ ਸੁਰੱਖਿਆ ਢਾਂਚੇ ਦੀ ਸੰਰਚਨਾਤਮਕ ਮਜ਼ਬੂਤੀ ਦਾ ਪ੍ਰਤੀਕ ਹੈ।




**ਸੰਜੀਵ ਚੋਪੜਾ**
**(ਲੇਖਕ ਖੁਰਾਕ ਅਤੇ ਜਨਤਕ ਵੰਡ ਵਿਭਾਗ ਦੇ ਸਕੱਤਰ ਹਨ)**

# ਰਾਜਨੇਤਾ ਰਾਜਾ-ਭਿਖਾਰੀ ਜਨਤਾ

ਅੱਜ ਦੇ ਸਮੇਂ ਵਿੱਚ ਭਾਰਤੀ ਰਾਜਨੀਤੀ ਨੂੰ ਵੇਖ ਕੇ ਅਕਸਰ ਅਜਿਹਾ ਲੱਗਦਾ ਹੈ ਜਿਵੇਂ ਇੱਕ ਵੱਡਾ ਡਰਾਮਾ ਚੱਲ ਰਿਹਾ ਹੋਵੇ, ਜਿੱਥੇ ਰਾਜਨੇਤਾ ਰਾਜੇ ਬਣ ਜਾਂਦੇ ਹਨ ਅਤੇ ਆਮ ਜਨਤਾ ਨੂੰ ਭਿਖਾਰੀ ਵਾਂਗ ਬੇਸਹਾਰਾ ਛੱਡ ਦਿੱਤਾ ਜਾਂਦਾ ਹੈ। ਇਹ ਸਿਰਲੇਖ ਰਾਜਨੇਤਾ ਰਾਜਾ-ਭਿਖਾਰੀ ਜਨਤਾ ਬਹੁਤ ਹੀ ਆਤਮਕ ਅਤੇ ਵਿਅੰਗਾਤਮਕ ਹੈ, ਜੋ ਸਾਡੇ ਦੇਸ਼ ਦੀ ਮੌਜੂਦਾ ਰਾਜਨੀਤਿਕ ਵਿਵਸਥਾ ਨੂੰ ਨੰਗਾ ਕਰਦਾ ਹੈ। ਇਸ ਵਿੱਚ ਇਹ ਵਿਚਾਰ ਛਿਪਿਆ ਹੈ ਕਿ ਜਿਹੜੇ ਲੋਕ ਰਾਜਨੀਤੀ ਵਿੱਚ ਆਉਂਦੇ ਹਨ, ਉਹ ਚੋਣਾਂ ਤੋਂ ਪਹਿਲਾਂ ਤਾਂ ਆਮ ਨਾਗਰਿਕਾਂ ਨੂੰ ਵੱਡੇ-ਵੱਡੇ ਸੁਪਨੇ ਵਿਖਾਉਂਦੇ ਹਨ, ਪਰ ਜਿੱਤਣ ਉਪਰੰਤ ਉਹ ਆਪਣੇ ਆਪ ਨੂੰ ਰਾਜੇ ਸਮਝਣ ਲੱਗ ਪੈਂਦੇ ਹਨ ਅਤੇ ਜਨਤਾ ਨੂੰ ਉਨ੍ਹਾਂ ਦੇ ਰਹਿਮੋ-ਕਰਮ ਤੇ ਨਿਰਭਰ ਭਿਖਾਰੀ ਬਣਾ ਦਿੰਦੇ ਹਨ। ਇਹ ਲੇਖ ਇਸੇ ਵਿਸ਼ੇ ਤੇ ਚਾਨਣਾ ਪਾਉਂਦਾ ਹੈ ਕਿ ਕਿਵੇਂ ਸਾਡੀ ਰਾਜਨੀਤੀ ਨੇ ਸਮਾਜ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਹੈ, ਇੱਕ ਪਾਸੇ ਅਮੀਰ ਅਤੇ ਸੱਤਾਧਾਰੀ ਰਾਜਨੇਤਾ ਅਤੇ ਦੂਜੇ ਪਾਸੇ ਬੇਬਸ ਅਤੇ ਗਰੀਬ ਜਨਤਾ।

ਰਾਜਨੀਤੀ ਵਿੱਚ ਪ੍ਰਵੇਸ਼ ਕਰਨ ਵਾਲੇ ਵਿਅਕਤੀ ਨੂੰ ਵੇਖ ਕੇ ਸ਼ੁਰੂ ਵਿੱਚ ਅਜਿਹਾ ਲੱਗਦਾ ਹੈ ਜਿਵੇਂ ਉਹ ਇੱਕ ਪਵਿੱਤਰ ਸੰਤ ਹੋਵੇ। ਚੋਣਾਂ ਤੋਂ ਪਹਿਲਾਂ ਉਹ ਵੱਡੇ-ਵੱਡੇ ਵਾਅਦੇ ਕਰਦੇ ਹਨ, ਗਰੀਬੀ ਹਟਾਉਣਾ, ਰੁਜ਼ਗਾਰ ਵਧਾਉਣਾ, ਸਿੱਖਿਆ ਅਤੇ ਸਿਹਤ ਸਹੂਲਤਾਂ ਮੁਹੱਈਆ ਕਰਵਾਉਣਾ। ਉਨ੍ਹਾਂ ਦੇ ਮੂੰਹੋਂ ਨਿਕਲਦੇ ਸ਼ਬਦ ਅਜਿਹੇ ਹੁੰਦੇ ਹਨ ਜਿਵੇਂ ਉਹ ਸੱਚੇ ਸਮਾਜ ਸੇਵਕ ਹੋਣ ਅਤੇ ਦੇਸ਼ ਦੀ ਭਲਾਈ ਲਈ ਜੀਵਨ ਸਮਰਪਿਤ ਕਰਨ ਵਾਲੇ ਹੋਣ। ਆਮ ਲੋਕ ਉਨ੍ਹਾਂ ਦੇ ਇਨ੍ਹਾਂ ਵਾਅਦਿਆਂ ਤੇ ਵਿਸ਼ਵਾਸ ਕਰ ਲੈਂਦੇ ਹਨ ਅਤੇ ਵੋਟਾਂ ਪਾ ਕੇ ਉਨ੍ਹਾਂ ਨੂੰ ਜਿੱਤਾਉਂਦੇ ਹਨ। ਪਰ ਇਹ ਵਿਸ਼ਵਾਸ ਕਿੰਨਾ ਨਾਜ਼ੁਕ ਹੁੰਦਾ ਹੈ, ਇਹ ਚੋਣਾਂ ਜਿੱਤਣ ਉਪਰੰਤ ਪਤਾ ਲੱਗ ਜਾਂਦਾ ਹੈ। ਜਿੱਤਦੇ ਹੀ ਉਹ ਵਿਅਕਤੀ ਆਪਣਾ ਅਸਲ ਰੂਪ ਵਿਖਾ ਦਿੰਦਾ ਹੈ। ਗਿਰਗਟ ਵਾਂਗ ਰੰਗ ਬਦਲਣ ਵਾਲੇ ਇਹ ਰਾਜਨੇਤਾ ਆਪਣੇ ਆਲੇ-ਦੁਆਲੇ ਨੂੰ ਵੀ ਅਜਿਹਾ ਬਣਾ ਲੈਂਦੇ ਹਨ ਕਿ ਉਨ੍ਹਾਂ ਦੇ ਲੱਕੜ ਬੱਗਿਆਂ ਵਰਗੇ ਚੇਲੇ-ਚਪਾਟੇ ਵੀ ਆਮ ਜਨਤਾ ਨੂੰ ਕੀੜੇ-ਮਕੌੜੇ ਵਾਂਗ ਸਮਝਣ ਲੱਗ ਪੈਂਦੇ ਹਨ। ਉਹ ਲੋਕ ਜਿਨ੍ਹਾਂ ਨੇ ਵੋਟਾਂ ਨਾਲ ਇਨ੍ਹਾਂ ਨੂੰ ਰਾਜੇ ਬਣਾਇਆ ਹੁੰਦਾ ਹੈ, ਉਨ੍ਹਾਂ ਨੂੰ ਹੀ ਭਿਖਾਰੀ ਵਾਂਗ ਟ੍ਰੀਟ ਕੀਤਾ ਜਾਂਦਾ ਹੈ।

ਇਹ ਵਿਵਹਾਰ ਚੋਣਾਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਬਹੁਤ ਵੱਖਰਾ ਹੁੰਦਾ ਹੈ। ਚੋਣਾਂ ਤੋਂ ਪਹਿਲਾਂ ਰਾਜਨੇਤਾ ਆਮ ਲੋਕਾਂ ਨੂੰ ਹੱਥ ਜੋੜ ਕੇ ਮਿਲਦੇ ਹਨ, ਉਨ੍ਹਾਂ ਨਾਲ ਗਲੇ ਮਿਲਦੇ ਹਨ, ਉਨ੍ਹਾਂ ਦੇ ਘਰਾਂ ਵਿੱਚ ਜਾ ਕੇ ਚਾਹ ਪੀਂਦੇ ਹਨ ਅਤੇ ਵੱਡੇ-ਵੱਡੇ ਵਾਅਦੇ ਕਰਦੇ ਹਨ। ਉਹ ਅਜਿਹਾ ਬੋਲਦੇ ਹਨ ਜਿਵੇਂ ਉਹ ਲੋਕਾਂ ਦੇ ਸੱਚੇ ਹਮਦਰਦ ਹੋਣ। ਪਰ ਜਿੱਤਣ ਉਪਰੰਤ ਇਹੀ ਰਾਜਨੇਤਾ ਬਦਲ ਜਾਂਦੇ ਹਨ। ਉਨ੍ਹਾਂ ਨੂੰ ਮਿਲਣ ਲਈ ਆਮ ਨਾਗਰਿਕ ਨੂੰ ਦਫ਼ਤਰਾਂ ਵਿੱਚ ਘੰਟੇ ਬਿਤਾਉਣੇ ਪੈਂਦੇ ਹਨ, ਸਕਿਊਰਿਟੀ ਵਾਲੇ ਉਨ੍ਹਾਂ ਨੂੰ ਰੋਕਦੇ ਹਨ ਅਤੇ ਅਖੀਰ ਵਿੱਚ ਵੀ ਇਹ ਯਕੀਨੀ ਨਹੀਂ ਹੁੰਦਾ ਕਿ ਮੇਲ ਹੋਵੇਗਾ ਜਾਂ ਨਹੀਂ.... ਕੰਮ ਪੂਰਾ ਹੋਣ ਦੀ ਗੱਲ ਤਾਂ ਬਹੁਤ ਦੂਰ ਦੀ ਹੈ। ਇਹ ਰਾਜਨੇਤਾ ਸਰਕਾਰੀ ਬੰਗਲਿਆਂ ਵਿੱਚ ਰਹਿੰਦੇ ਹਨ, ਵੀਆਈਪੀ ਸਹੂਲਤਾਂ ਦਾ ਆਨੰਦ ਮਾਣਦੇ ਹਨ ਅਤੇ ਆਮ ਜਨਤਾ ਲਈ ਨੀਤੀਆਂ ਬਣਾਉਂਦੇ ਹਨ ਜੋ ਅਕਸਰ ਉਨ੍ਹਾਂ ਦੇ ਆਪਣੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਈਆਂ ਜਾਂਦੀਆਂ ਹਨ। ਉਹ ਆਪਣੇ ਆਲੇ-ਦੁਆਲੇ ਨੂੰ ਚਾਪਲੂਸਾਂ ਨਾਲ ਘੇਰ ਲੈਂਦੇ ਹਨ ਜੋ ਆਮ ਲੋਕਾਂ ਨੂੰ ਦੂਰ ਰੱਖਦੇ ਹਨ। ਇਸ ਨਾਲ ਜਨਤਾ ਨੂੰ ਅਹਿਸਾਸ ਹੁੰਦਾ ਹੈ ਕਿ ਉਹ ਭਿਖਾਰੀ ਵਾਂਗ ਹਨ ਜੋ ਰਾਜੇ ਦੇ ਰਹਿਮ ਤੇ ਨਿਰਭਰ ਹਨ।



ਸੰਦੀਪ ਕੁਮਾਰ

ਇੱਕ ਵੱਡੀ ਵਿਡੰਬਨਾ ਇਹ ਵੀ ਹੈ ਕਿ ਜਦੋਂ ਇਹ ਰਾਜਨੇਤਾ ਕਿਸੇ ਪ੍ਰੋਜੈਕਟ ਦਾ ਨੀਹ ਪੱਥਰ ਰੱਖਦੇ ਹਨ ਜਾਂ ਉਸ ਨੂੰ ਪੂਰਾ ਕਰ ਕੇ ਉਦਘਾਟਨ ਕਰਦੇ ਹਨ, ਤਾਂ ਆਲੇ-ਦੁਆਲੇ ਵਾਲੇ ਲੋਕਾਂ ਨੂੰ ਉਨ੍ਹਾਂ ਦੇ ਨਾਮ ਦੇ ਜਿੰਦਾਬਾਦ ਨਾਰੇ ਲਗਾਉਣੇ ਪੈਂਦੇ ਹਨ ਅਤੇ ਧੰਨਵਾਦ ਕਰਨਾ ਪੈਂਦਾ ਹੈ। ਪਰ ਸੋਚਣ ਵਾਲੀ ਗੱਲ ਇਹ ਹੈ ਕਿ ਇਹ ਧੰਨਵਾਦ ਕਿਸ ਗੱਲ ਲਈ? ਇਹ ਤਾਂ ਉਨ੍ਹਾਂ ਦਾ ਕੰਮ ਹੈ। ਲੋਕਾਂ ਨੇ ਉਨ੍ਹਾਂ ਨੂੰ ਵੋਟਾਂ ਨਾਲ ਚੁਣਿਆ ਹੈ ਤਾਂ ਜੋ ਉਹ ਸਮਾਜ ਦੀਆਂ ਜ਼ਰੂਰਤਾਂ ਪੂਰੀਆਂ ਕਰਨ। ਰਸਤੇ ਬਣਾਉਣਾ, ਹਸਪਤਾਲ ਖੋਲ੍ਹਣਾ, ਸਕੂਲ ਬਣਾਉਣਾ, ਰੋਜਗਾਰ ਦੇ ਮੌਕੇ ਪੈਦਾ ਕਰਨਾ, ਇਹ ਸਭ ਉਨ੍ਹਾਂ ਦੀ ਜਿੰਮੇਵਾਰੀ ਹੈ। ਪਰ ਭਾਰਤ ਵਿੱਚ ਬਿਲਕੁਲ ਇਸ ਦੇ ਉਲਟ ਹੋ ਰਿਹਾ ਹੈ। ਰਾਜਨੇਤਾ ਇਨ੍ਹਾਂ ਕੰਮਾਂ ਨੂੰ ਆਪਣੀ ਮਿਹਰਬਾਨੀ ਵਾਂਗ ਪੇਸ਼ ਕਰਦੇ ਹਨ ਅਤੇ ਜਨਤਾ ਨੂੰ ਉਨ੍ਹਾਂ ਦੇ ਅਹਿਸਾਨਮੰਦ ਬਣਨ ਲਈ ਮਜਬੂਰ ਕਰਦੇ ਹਨ। ਇਹ ਵਿਵਹਾਰ ਜਨਤਾ ਨੂੰ ਭਿਖਾਰੀ ਵਾਂਗ ਮਹਿਸੂਸ ਕਰਵਾਉਂਦਾ ਹੈ ਜੋ ਰਾਜੇ ਦੇ ਟੁੱਕੜਾਂ ਤੇ ਜੀਅ ਰਹੀ ਹੈ।

ਭਾਰਤੀ ਰਾਜਨੀਤੀ ਦੀ ਇਸ ਵਿਵਸਥਾ ਨੇ ਸਮਾਜ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ। ਇੱਕ ਵਾਰ ਰਾਜਨੀਤੀ ਵਿੱਚ ਵੜਨ ਵਾਲੇ ਵਿਅਕਤੀ ਦੀ ਜ਼ਿੰਦਗੀ ਬਦਲ ਜਾਂਦੀ ਹੈ। ਉਸ ਨੂੰ ਵੱਡੇ ਬੰਗਲੇ, ਕਾਰਾਂ, ਸਕਿਊਰਿਟੀ ਅਤੇ ਅਨੇਕਾਂ ਸਹੂਲਤਾਂ ਮਿਲ ਜਾਂਦੀਆਂ ਹਨ। ਉਹ ਅਮੀਰ ਬਣ ਜਾਂਦੇ ਹਨ, ਉਨ੍ਹਾਂ ਦੇ ਬੈਂਕ ਬੈਲੈਂਸ ਵਧ ਜਾਂਦੇ ਹਨ ਅਤੇ ਉਹ ਆਪਣੇ ਪਰਿਵਾਰ ਨੂੰ ਵੀ ਉੱਚੇ ਅਹੁਦਿਆਂ ਤੇ ਬਿਠਾ ਲੈਂਦੇ ਹਨ। ਪਰ ਆਮ ਜਨਤਾ ਦੀ ਹਾਲਤ ਬਦ ਤੋਂ ਬਦਤਰ ਹੋ ਰਹੀ ਹੈ। ਗਰੀਬੀ ਵਧ ਰਹੀ ਹੈ, ਬੇਰੁਜ਼ਗਾਰੀ ਨੌਜਵਾਨਾਂ ਨੂੰ ਖਾ ਰਹੀ ਹੈ, ਸਿਹਤ ਅਤੇ ਸਿੱਖਿਆ ਵਿਵਸਥਾ ਬੁਰੀ ਹਾਲਤ ਵਿੱਚ ਹੈ। ਰਾਜਨੇਤਾ ਆਪਣੇ ਹਿੱਤਾਂ ਲਈ ਨੀਤੀਆਂ ਬਣਾਉਂਦੇ ਹਨ ਜੋ ਅਮੀਰਾਂ ਨੂੰ ਹੋਰ ਅਮੀਰ ਅਤੇ ਗਰੀਬਾਂ ਨੂੰ ਹੋਰ ਗਰੀਬ ਬਣਾਉਂਦੀਆਂ ਹਨ। ਵੋਟ ਬੈਂਕ ਨੂੰ ਮਜਬੂਤ ਕਰਨ ਲਈ ਵਿਸ਼ੇਸ਼ ਵਰਗਾਂ ਲਈ ਇੱਕ ਤਰਫਾ ਪੱਖ-ਪਾਤੀ ਨਿਯਮ ਭਾਵ ਕਾਨੂੰਨਾਂ ਦਾ ਨਿਰਮਾਣ ਕਰ ਕੀਤਾ ਜਾਂਦਾ ਹੈ। ਉਹ ਪਾਰਲੀਮੈਂਟ ਵਿੱਚ ਬੈਠ ਕੇ ਝਗੜੇ ਕਰਦੇ ਹਨ, ਬਿੱਲ ਪਾਸ ਕਰਦੇ ਹਨ ਜੋ ਉਨ੍ਹਾਂ ਦੇ ਨਿੱਜੀ ਲਾਭ ਲਈ ਹੁੰਦੇ ਹਨ ਅਤੇ ਜਨਤਾ ਨੂੰ ਭੁੱਲ ਜਾਂਦੇ ਹਨ।

ਇਸ ਵਿਵਸਥਾ ਨੇ ਸਮਾਜ ਵਿੱਚ ਅਸਮਾਨਤਾ ਵਧਾ ਦਿੱਤੀ ਹੈ। ਅੱਜ ਨੌਜਵਾਨ ਰਾਜਨੀਤੀ ਵੱਲ ਨਫ਼ਰਤ ਨਾਲ ਵੇਖਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਇਹ ਇੱਕ ਅਜਿਹੀ ਖੇਡ ਹੈ ਜਿੱਥੇ ਸਿਰਫ਼ ਅਮੀਰ ਅਤੇ ਸੱਤਾਧਾਰੀ ਜਿੱਤਦੇ ਹਨ। ਆਮ ਆਦਮੀ ਨੂੰ ਵੋਟਾਂ ਵੇਲੇ ਯਾਦ ਕੀਤਾ ਜਾਂਦਾ ਹੈ ਅਤੇ ਬਾਅਦ ਵਿੱਚ ਭੁੱਲ ਜਾਂਦਾ ਹੈ। ਰਾਜਨੇਤਾ ਆਪਣੇ ਆਲੇ-ਦੁਆਲੇ ਨੂੰ ਚਾਪਲੂਸਾਂ ਅਤੇ ਬ੍ਰੋਕਰਾਂ ਨਾਲ ਘੇਰ ਲੈਂਦੇ ਹਨ ਜੋ ਆਮ ਲੋਕਾਂ ਨੂੰ ਲੁੱਟਦੇ ਹਨ। ਕੰਮ ਕਰਵਾਉਣ ਲਈ ਰਿਸ਼ਵਤ ਦੇਣੀ ਪੈਂਦੀ ਹੈ, ਗੇੜੀਆਂ ਲਾਉਣੀਆਂ ਪੈਂਦੀਆਂ ਹਨ ਅਤੇ ਅਖੀਰ ਵਿੱਚ ਵੀ ਨਤੀਜਾ ਜ਼ੀਰੋ ਹੁੰਦਾ ਹੈ। ਇਹ ਵਿਵਹਾਰ ਜਨਤਾ ਨੂੰ ਨਿਰਾਸ਼ ਕਰਦਾ ਹੈ ਅਤੇ ਉਹ ਆਪਣੇ ਆਪ ਨੂੰ ਬੇਬਸ ਮਹਿਸੂਸ ਕਰਦੀ ਹੈ। ਰਾਜਨੀਤੀ ਜੋ ਕਿ ਜਨਤਾ ਦੀ ਸੇਵਾ ਲਈ ਹੋਣੀ ਚਾਹੀਦੀ ਹੈ, ਉਹ ਹੁਣ ਸੱਤਾ ਅਤੇ ਪੈਸੇ ਦੀ ਖੇਡ ਬਣ ਗਈ ਹੈ। ਇਸ ਸਥਿਤੀ ਨੂੰ ਬਦਲਣ ਲਈ ਜਨਤਾ ਨੂੰ ਜਾਗਰੂਕ ਹੋਣਾ ਪਵੇਗਾ। ਵੋਟਾਂ ਵੇਲੇ ਵੱਡੇ ਵਾਅਦਿਆਂ ਤੇ ਨਹੀਂ ਬਲਕਿ ਪਿਛਲੇ ਕੰਮਾਂ ਤੇ ਵਿਸ਼ਵਾਸ ਕਰਨਾ ਚਾਹੀਦਾ ਹੈ। ਰਾਜਨੇਤਾਵਾਂ ਨੂੰ ਜਵਾਬਦੇਹ ਬਣਾਉਣ ਲਈ ਨਿਯਮ ਅਤੇ ਕਾਨੂੰਨ ਬਣਾਉਣੇ ਚਾਹੀਦੇ ਹਨ। ਮੀਡੀਆ ਅਤੇ ਸਮਾਜ ਨੂੰ ਉਨ੍ਹਾਂ ਦੇ ਕੰਮਾਂ ਤੇ ਨਿਗਰਾਨੀ ਰੱਖਣੀ ਚਾਹੀਦੀ ਹੈ। ਜੇਕਰ ਅਸੀਂ ਇਸ ਵਿਵਸਥਾ ਨੂੰ ਨਹੀਂ ਬਦਲਾਂਗੇ ਤਾਂ ਰਾਜਨੇਤਾ ਰਾਜੇ ਬਣੇ ਰਹਿਣਗੇ ਅਤੇ ਜਨਤਾ ਭਿਖਾਰੀ ਵਾਂਗ ਤੜਫਦੀ ਰਹੇਗੀ। ਇਹ ਲੇਖ ਇਸੇ ਉਦੇਸ਼ ਨਾਲ ਲਿਖਿਆ ਗਿਆ ਹੈ ਕਿ ਲੋਕ ਜਾਗਰੂਕ ਹੋਣ ਅਤੇ ਵੋਟਾਂ ਵੇਲੇ ਵੱਡੇ ਵਾਅਦਿਆਂ ਤੇ ਨਹੀਂ ਬਲਕਿ ਪਿਛਲੇ ਕੰਮਾਂ ਤੇ ਵਿਸ਼ਵਾਸ ਕਰਨਾ। ਭਾਰਤ ਨੂੰ ਇੱਕ ਅਜਿਹੀ ਰਾਜਨੀਤੀ ਦੀ ਲੋੜ ਹੈ ਜਿੱਥੇ ਰਾਜਨੇਤਾ ਸੇਵਕ ਹੋਣ ਨਾ ਕਿ ਰਾਜੇ ਅਤੇ ਜਨਤਾ ਮਾਲਕ ਹੋਵੇ ਨਾ ਕਿ ਭਿਖਾਰੀ।

**ਸੰਪਰਕ** : 70098-07121

# ਅਲੋਪ ਹੋ ਗਈਆਂ ਦਾਣੇ ਭੁੰਨਣ ਵਾਲੀਆਂ ਭੱਠੀਆਂ

ਨਿੱਕੇ ਹੁੰਦਿਆਂ ਝੋਲੀ ਵਿੱਚ ਦਾਣੇ ਪਾਈ ਭੱਠੀ ਵੱਲ ਨੂੰ ਤੁਰੇ ਜਾਣਾ,ਰਸਤੇ ਵਿੱਚ ਸਾਰਿਆਂ ਨੇ ਪੁੱਛਣਾ ਉਏ ਕਿੱਥੇ ਚੱਲਿਆ ਭੱਠੀ ਤੇ ਜਾ ਕੇ ਬੜੇ ਸਤਿਕਾਰ ਨਾਲ ਦਾਣੇ ਭੁੰਨਣ ਵਾਲੀ ਬੀਬੀ ਮਾਤਾ ਨੂੰ ਦਾਣੇ ਭੁੰਨਣ ਲਈ ਆਖਦੇ ਸਾਂ। ਕਿੰਨਾ ਜ਼ਿਆਦਾ ਹੁੰਦਾ ਸੀ ਪੰਜਾਬ ਦਾ ਵਿਰਸਾ ਅਮੀਰ ਪਰ ਸਮੇਂ ਦੀ ਚਾਲ ਨਾਲ ਕਿੰਨਾ ਕੁਝ ਅਲੋਪ ਹੋ ਗਿਆ ਹੈ ਹੁਣ ਤਾਂ ਬਸ ਪੁਰਾਣੇ ਵਿਰਸੇ ਦੀਆਂ ਯਾਦਾਂ ਹੀ ਬਚੀਆਂ ਹਨ। ਇਸ ਪਰਿਵਾਰਿਕ ਵਿਰਸੇ ਨੂੰ ਨਜ਼ਰ ਹੀ ਲੱਗ ਗਈ ਹੈ। ਪੰਜਾਬ ਦੇ ਪਿੰਡਾਂ 'ਚ ਅੱਸੂ,ਕੱਤਕ ਦੇ ਮਹੀਨੇ ਦੀਆਂ ਤ੍ਰਿਕਾਲਾਂ ਦੇ ਸਮੇਂ ਜਵਾਰ ਦੀਆਂ ਛੱਲੀਆਂ ਦੇ ਦਾਣੇ ਭੁੰਨਾਉਣ ਤੇ ਚੱਬਣ ਦਾ ਬੜਾ ਹੀ ਸੁਆਦ ਆਉਂਦਾ ਸੀ। ਇਨ੍ਹਾਂ ਦਿਨਾਂ ਵਿਚ ਹੀ ਸਾਉਣ ਦੀ ਫਸਲ ਮੱਕੀ ਕਿਸਾਨਾਂ ਦੇ ਵਿਹੜਿਆਂ ਵਿੱਚ ਪਈ ਦਿਖਾਈ ਦੇਂਦੀ ਸੀ। ਪੁਰਾਣੇ ਸਮੇਂ ਵਿੱਚ ਪੰਜਾਬ ਦੇ ਪਿੰਡਾਂ ਵਿੱਚ ਮੱਕੀ ਦੇ ਦਾਣੇ ਭੁੰਨਣ ਵਾਲੀਆਂ ਬਜ਼ੁਰਗ ਬੀਬੀਆਂ ਆਮ ਮਿਲ ਜਾਂਦੀਆਂ ਸਨ।ਪੂਰੇ ਪਿੰਡ ਵਿੱਚ ਇਕ ਜਾਂ ਦੋ ਭੱਠੀਆਂ ਜ਼ਰੂਰ ਹੁੰਦੀਆਂ ਸਨ। ਪੁਰਾਣੇ ਸਮੇਂ ਵਿੱਚ ਹਰ ਘਰ ਚੋਂ ਲੌਢੇ ਵੇਲੇ ਦਾਣੇ ਭੁੰਨਾਉਣ ਲਈ ਭੱਠੀ ਤੇ ਜ਼ਰੂਰ ਜਾਂਦੇ ਸਨ।ਕਈ ਲੋਕ ਤਾਂ ਜਵਾਰ ਦੇ ਦਾਣੇ ਭੁੰਨਾਉਣ ਦਾ ਕਈ ਛੋਲੇ ਅਤੇ ਕਈ ਚੌਲ ਭੁੰਨਾ ਕੇ ਚੱਬਦੇ ਹੁੰਦੇ ਸਨ। ਭੁੱਜੇ ਹੋਏ ਦਾਣਿਆਂ ਵਿਚ ਗੁੜ ਮਿਲਾ ਕੇ ਖਾਣ ਦਾ ਸੁਆਦ ਹੀ ਵੱਖਰਾ ਹੁੰਦਾ ਸੀ। ਘਰ ਦੇ ਨਿੱਕੇ ਨਿਆਣੇ ਆਪਣੇ ਹਿੱਸੇ ਦੇ ਦਾਣੇ ਝੋਲੀ ਵਿਚ ਪੁਆ ਕੇ ਅਤੇ ਪੋਣੇ ਵਿੱਚ ਲਪੇਟ ਕੇ ਦਾਣੇ ਭੁੰਨਾਉਣ ਲਈ ਤੁਰੇ ਪੈਂਦੇ ਸਨ।ਹਰ ਕੋਈ ਭੁੱਜੇ ਦਾਣੇ ਦਾਣਿਆਂ ਨੂੰ ਮੂੰਹ ਮਾਰਨ ਦਾ ਆਦੀ ਹੁੰਦਾ ਸੀ।ਗੱਭਰੂ, ਮੁਟਿਆਰਾਂ, ਬਜ਼ੁਰਗ ਬੀਬੀਆਂ,ਬਾਬੇ ਤੱਕ ਦਾਣੇ ਚੱਬ ਲੈਂਦੇ ਸਨ ਅਤੇ ਬਹੁਤ ਹੀ ਸ਼ੌਂਕ ਨਾਲ ਚੱਬਦੇ ਸਨ।ਦਾਣੇ ਚੱਬਣੇ ਸ਼ਾਮ ਨੂੰ ਖੁਰਾਕ ਦਾ ਹਿੱਸਾ ਹੁੰਦਾ ਸੀ।ਲੌਢੇ ਵੇਲੇ ਸਾਰਿਆਂ ਨੂੰ ਭੱਠੀ ਉੱਤੇ ਜਾਣ ਦਾ ਚਾਅ ਬਹੁਤ ਹੁੰਦਾ ਸੀ।ਲੌਢੇ ਵੇਲੇ ਇਹ ਬੀਬੀਆਂ ਭੱਠੀ ਤਪਾਉਂਦੀਆਂ ਸਨ। ਲੌਢਾ ਵੇਲਾ ਅੱਜ ਦੇ ਘੜੀ ਦੇ ਸਮੇਂ ਦੇ ਹਿਸਾਬ ਨਾਲ ਚਾਰ ਵਜੇ ਦਾ ਟਾਈਮ ਬਣਦਾ ਹੈ। ਭੱਠੀਆਂ ਤੇ ਦਾਣੇ ਭੁੰਨਣ ਵਾਲੀਆਂ ਨੂੰ ਭਠਿਆਰਨ ਆਖਿਆ ਜਾਂਦਾ ਸੀ।ਦਾਣੇ ਭੁੰਨਾਉਣ ਵਾਲਿਆਂ ਦੀ ਭੱਠੀ ਦੁਆਲੇ ਭੀੜ ਲੱਗੀ ਰਹਿੰਦੀ ਸੀ। ਸਿਆਲ ਦੀਆਂ ਠੰਢੀਆਂ ਰਾਤਾਂ ਨੂੰ ਭੱਠੀ ਦੇ ਕੋਲ ਅੱਗ ਸੇਕਣ ਵਾਲਿਆਂ ਦਾ ਢਾਣਾ ਬੈਠਾ ਰਹਿੰਦਾ ਸੀ।ਦਾਣੇ ਭੁੰਨਣ ਵਾਲੀਆਂ ਬੀਬੀਆਂ ਆਪਣੀ ਇਸ ਮਿੱਟੀ ਦੀ ਭੱਠੀ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਬਣਾ ਕੇ ਸਾਫ਼-ਸੁਥਰਾ ਰੱਖਦੀਆਂ ਸਨ।ਲੋਹੇ ਦੀ ਵੱਡੀ ਸਾਰੀ ਕੜਾਹੀ ਵਿਚ ਰੇਤ ਪਾ ਕੇ ਭੱਠੀ ਉੱਤੇ ਰੱਖ ਦਿੱਤੀ ਜਾਂਦੀ ਸੀ।ਕੜਾਹੀ ਤੇ ਰੇਤ ਗਰਮ ਹੋਣ ਤੇ ਹੀ ਇਸ ਵਿੱਚ ਦਾਣਿਆਂ ਦਾ 'ਪਰਾਗਾ' ਪਾਇਆ ਜਾਂਦਾ ਸੀ ਭੱਠੀ ਦੀ ਕੜਾਹੀ ਵਿੱਚ ਭੁੰਨਣ ਲਈ ਇੱਕ ਵਾਰੀ 'ਚ ਪਾਏ ਜਾ ਸਕਦੇ ਦਾਣਿਆਂ ਨੂੰ ਅਤੇ ਇਸ ਤੋਂ ਇਲਾਵਾ ਪੱਕਣ ਤੋਂ ਬਾਅਦ ਕੱਟੇ ਗਏ ਛੋਲਿਆਂ ਦੇ ਬੂਟੇ ਨੂੰ ਪਰਾਗਾ ਆਖਦੇ ਸੀ ਭੱਠੀ ਤੇ ਦਾਣੇ ਭੁੰਨਣ ਵਾਲੀਆਂ ਬੀਬੀਆਂ ਦਾਣੇ ਭੁੰਨਾਉਣ ਵਾਲਿਆਂ ਕੋਲੋਂ ਕੋਈ ਪੈਸਾ ਨਹੀਂ ਲੈਂਦੀਆਂ ਸਨ।ਬੱਸ ਉਨ੍ਹਾਂ ਵਿੱਚੋਂ ਥੋੜ੍ਹੇ ਦਾਣੇ ਆਪ ਰੱਖ ਲੈਂਦੀਆਂ ਸਨ।ਕੜਾਹੀ ਵਿੱਚ ਦਾਣੇ ਪਾਉਣ ਸਮੇਂ ਹੀ ਹੱਥ ਅੱਗੇ ਕਰ ਕੇ ਲੱਪ ਦਾਣੇ ਭੁੰਨਣ ਵਾਲੀ ਆਪਣੇ ਲਈ ਕੱਢ ਲੈਂਦੀ ਸੀ। ਜਿਸ ਨੂੰ 'ਭਾੜਾ' ਰੱਖਣਾ ਕਿਹਾ ਜਾਂਦਾ ਸੀ।

ਕੜਾਹੀ ਵਿਚ ਦਾਣੇ ਹਿਲਾਉਣ ਲਈ ਦਾਤਰੀ ਜਿਸ ਦੇ ਦੰਦੇ ਨਹੀਂ ਹੁੰਦੇ ਜਾਂ ਲੰਮੇ ਤੀਲਿਆਂ ਦਾ ਮੁੱਠਾ ਬਣਾ ਕੇ ਫੇਰਨ ਸਮੇਂ ਜਿਹੜੇ ਦਾਣੇ ਬਾਹਰ ਡਿੱਗਦੇ ਸਨ।



ਉਹ ਭੱਠੀ ਵਾਲੀ ਦੇ ਹੁੰਦੇ ਸੀ।ਕਿਉਂਕਿ ਸੁੱਕੀ ਮੱਕੀ ਦੇ ਫੁੱਲੇ ਜ਼ਿਆਦਾਤਰ ਬਾਹਰ ਹੀ ਡਿੱਗਦੇ ਸਨ।ਮਿੱਟੀ ਦੀ ਭੱਠੀ ਧਰਤੀ ਵਿੱਚ ਦੋ ਕੇ ਫੁੱਟ ਡੂੰਘਾ ਟੋਇਆ ਪੁੱਟ ਕੇ ਗੋਲ ਰੂਪ ਨਾਲ ਬਣਾਈ ਜਾਂਦੀ ਸੀ। ਜਿਸ ਨੂੰ ਚੁਰ ਵੀ ਆਖਦੇ ਸਨ।ਪਿਛਲੇ ਪਾਸਿਓਂ ਭੱਠੀ ਬੰਦ ਹੁੰਦੀ ਸੀ। ਇਕ ਛੋਟੀ ਜਿਹੀ ਮੋਹਰੀ ਧੂੰਆਂ ਨਿਕਲਣ ਲਈ ਰੱਖੀ ਹੁੰਦੀ ਸੀ।ਮਿੱਟੀ ਵਿੱਚ ਤੂੜੀ ਮਿਲਾ ਕੇ ਭੱਠੀ ਦਾ ਕੰਡਾ ਬਣਾਇਆ ਜਾਂਦਾ ਅਤੇ ਇਕ ਪਾਸੇ ਤੇ ਲੰਮਾ ਥੜ੍ਹਾ ਬਣਾਇਆ ਜਾਂਦਾ ਸੀ।ਜਿਸ ਉੱਤੇ ਬੈਠ ਕੇ ਭਠਿਆਰਨ ਦਾਣੇ ਭੁੰਨਦੀ ਅਤੇ ਦਾਣਾ ਫੱਕਾ ਰੱਖਦੀ ਸੀ।ਭੱਠੀ ਦੇ ਅਗਲੇ ਪਾਸੇ ਇੱਕ ਵੱਡਾ ਮੂੰਹ ਰੱਖਿਆ ਜਾਂਦਾ ਸੀ। ਜਿਸ ਰਾਹੀਂ ਸੁੱਕਾ ਘਾਹ, ਸਲਵਾੜ, ਕਾਨੇ, ਜੰਤਰ, ਸ਼ਤੂਤ ਦੀਆਂ ਸੁੱਕੀਆਂ ਛਮਕਾਂ, ਅਤੇ ਕਪਾਹ ਦੀਆਂ ਛਿਟੀਆਂ ਦਾ ਬਾਲਣ ਡਾਹਿਆ ਜਾਂਦਾ।ਦਾਣੇ ਭੁੰਨਾਉਣ ਵਾਲਿਆਂ ਵਿੱਚੋਂ ਕਿਸੇ ਇੱਕ ਜਾਂ ਭੱਠੀ ਤੇ ਵਿਹਲੇ ਬੈਠੇ ਕਿਸੇ ਬੱਚੇ, ਵਿਅਕਤੀ ਨੂੰ ਬਾਲਣ ਭੱਠੀ ਵਿੱਚ ਡਾਹੁਣ ਲਈ ਲਾਇਆ ਜਾਂਦਾ ਸੀ।ਕਈ ਵਾਰ ਤਾਂ ਭੱਠੀ ਤੇ ਦਾਣੇ ਭੁੰਨਣ ਵਾਲੀ ਹੀ ਕਿਸੇ ਨੂੰ ਕਹਿ ਦੇਂਦੀ ਸੀ ਕਿ ਤੇਰੇ ਦਾਣੇ ਮੈਂ ਪਹਿਲਾਂ ਭੁੰਨ ਦੇਵਾਂਗੀ ਤੂੰ ਭੱਠੀ ਵਿੱਚ ਬਾਲਣ ਅੱਗੇ ਕਰ ਦੇ।ਜਿਹੜਾ ਭੱਠੀ ਵਿੱਚ ਬਾਲਣ ਅੱਗੇ ਕਰਦਾ ਸੀ ਉਸ ਨੂੰ ਝੋਕਣਾ/ਝੋਕਾ ਆਖਦੇ ਸਨ। ਭੱਠੀ ਵਿੱਚ ਬਾਲਣ ਅੱਗੇ ਕਰਨ ਵਾਲੇ ਡੰਡੇ ਨੂੰ ਖੁੱਲਣੀ/ ਛੇੜਨੀ ਆਖਦੇ ਸਨ।ਕੜਾਹੀ ਵਿੱਚ ਦਾਣੇ ਪਾਉਣ ਤੋਂ ਪਹਿਲਾਂ ਭਠਿਆਰਨ ਆਪਣੇ ਛਾਣਨੇ ਵਿੱਚ ਦਾਣੇ ਪਾਉਂਦੀ ਸੀ।ਛਾਨਣਾ ਲੋਹੇ ਦੇ ਗੋਲ ਫਰੇਮ ਵਾਲਾ ਵਿਚਾਲੇ ਪਾਸੇ ਜਾਲੀ ਲੱਗੀ ਹੁੰਦੀ ਸੀ।ਕੜਾਹੀ ਵਿੱਚ ਭੁੱਜੇ ਦਾਣੇ ਇਸੇ ਹੀ ਛਾਨਣੀ ਨਾਲ ਛਾਣ ਕੇ ਬਾਹਰ ਕੱਢੇ ਜਾਂਦੇ ਸਨ।ਛੋਲਿਆਂ ਦੇ ਦਾਣਿਆਂ ਨੂੰ ਮਿੱਟੀ ਦੇ ਕੁੱਜੇ ਦੀ ਮੱਦਦ ਨਾਲ ਦੋ ਫਾੜ ਕਰ ਕੇ ਬਾਹਰ ਕੱਢਿਆ ਜਾਂਦਾ ਸੀ।ਭੱਠੀ ਪਿੰਡ ਦੇ ਲੋਕਾਂ ਲਈ ਭਾਈਚਾਰਕ ਸਾਂਝ ਵਧਾਉਣ ਅਤੇ ਮਿਲਵਰਤਨ ਵਾਲੀ ਥਾਂ ਹੁੰਦੀ ਸੀ।ਇੱਥੇ ਬੈਠ ਕੇ ਹੀ ਕਿੰਨੇ ਲੋਕ ਮਿਲਦੇ, ਦੁੱਖ-ਦਰਦ ਸਾਂਝੇ ਕਰਦੇ, ਸਲਾਹ-ਮਸ਼ਵਰਾ ਕਰਦੇ ਸਨ। ਕਈ ਬਾਬੇ ਤਾਂ ਗੱਲ ਕਰਦੇ-ਕਰਦੇ ਹਨ੍ਹੇਰਾ ਪੁਆ ਲੈਂਦੇ ਘਰ ਜਾਣ ਨੂੰ ਮੁੰਡੇ ਕੁੜੀਆਂ ਦੀ ਮਸ਼ਕਰੀਆਂ ਕਲੋਲਾ ਦੇਖਣ ਨੂੰ ਭੱਠੀਆਂ ਉਪਰ ਮਿਲਦੀਆਂ ਸਨ।ਭੱਠੀ ਪੰਜਾਬੀਆਂ ਲਈ ਕਿਸੇ ਮੇਲੇ ਤੋਂ ਘੱਟ ਨਹੀਂ ਹੁੰਦੀ ਸੀ। ਸੂਰਜ ਢਲਣ ਨਾਲ ਹੀ ਭੱਠੀ ਤੋਂ ਦਾਣੇ ਫੱਕਾ ਸਮੇਟ ਘਰ ਨੂੰ ਦਾਣੇ ਭੁੰਨਣ ਵਾਲੀ ਭਠਿਆਰਨ ਤੁਰ ਪੈਂਦੀ ਸੀ।ਪੰਜਾਬ ਦੇ ਪਿੰਡਾਂ ਚੋਂ ਅਲੋਪ ਹੋਈਆਂ ਭੱਠੀਆਂ ਦਾ ਗਾਣਿਆਂ ਵਿੱਚ ਹੀ ਜ਼ਿਕਰ ਰਹਿ ਗਿਆ ਹੈ।ਬਿਰਹਾ ਦਾ ਸੁਲਤਾਨ ਪ੍ਰਸਿੱਧ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਦੀ ਲਿਖੀ ਹੋਈ ਰਚਨਾ ਇਸ ਤਰ੍ਹਾਂ ਆਖਦੀ ਹੈ :-

**ਸੌਂ ਗਈਆਂ ਹਵਾਵਾਂ ਰੋ ਰੋ**
**ਕਰ ਵਿਰਲਾਪ ਨੀ**
**ਤਾਰਿਆਂ ਨੂੰ ਚੜ੍ਹ ਗਿਆ**
**ਮੱਠਾ ਮੱਠਾ ਤਾਪ ਨੀ**
**ਜੰਵ ਸਾਹਵਾਂ ਦੀ ਦਾ ਰੁੱਸ ਗਿਆ ਲਾੜਾ**
**ਨੀ ਪੀੜਾਂ ਦਾ ਪਰਾਗਾ ਭੁੰਨ ਦੇ**
**ਭੱਠੀ ਵਾਲੀਏ ।**
**ਤੈਨੂੰ ਦਿਆਂ ਹੰਝੂਆਂ ਦਾ ਭਾੜਾ**
**ਨੀ ਪੀੜਾਂ ਦਾ ਪਰਾਗਾ ਭੁੰਨ ਦੇ**
**ਭੱਠੀ ਵਾਲੀਏ ।**

**ਜਾਂ**

**ਚਾਦੀ ਰਾਮ ਚਾਦੀ ਅਤੇ ਸੁਰਿੰਦਰ ਸੋਨੀਆ ਗੀਤ**
**'ਲੈ ਜਾ ਛੱਲੀਆਂ ਭੁਨਾ ਲਈ ਦਾਣੇ, ਮਿੱਤਰਾ ਦੂਰ ਦਿਆ'**

ਪਰ ਹੁਣ ਤਾਂ ਲੋਕਾਂ ਵਿੱਚ ਮੱਕੀ ਦੀ ਫ਼ਸਲ ਬੀਜਣ ਦਾ ਰਿਵਾਜ ਹੀ ਨਹੀਂ ਹੈ।ਬੱਸ ਹੋਣ ਤਾਂ ਲੋਕ ਕਣਕ-ਝੋਨਾ ਹੀ ਬੀਜ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ।ਜੇ ਮੱਕੀ ਕਿਸੇ ਇਲਾਕੇ ਵਿਚ ਬੀਜੀ ਵੀ ਜਾਂਦੀ ਹੋਵੇਗੀ। ਵਕਤ ਬਦਲ ਗਿਆ ਭੱਠੀ ਦੀ ਹੋਂਦ ਖ਼ਤਮ ਹੋ ਗਈ ਹੈ।ਦਾਣੇ ਭੁੰਨਣ ਦੇ ਨਵੇਂ ਢੰਗ ਤਰੀਕੇ ਚੱਲ ਪਏ ਹਨ।ਹੁਣ ਤਾਂ ਭੁੰਨੇ ਹੋਏ ਦਾਣੇ ਵੀ ਪੈਕਟਾਂ ਵਿੱਚ ਮਿਲਦੇ ਹਨ।ਬਾਜ਼ਾਰਾਂ ਵਿੱਚ ਰੇਹੜੀਆਂ ਤੇ ਦਾਣੇ ਭੁੰਨਣ ਵਾਲੇ ਤਾਂ ਮਿਲ ਜਾਂਦੇ ਹਨ।ਨਵੀਂ ਪੀੜ੍ਹੀ ਨੂੰ ਭੁੰਨੇ ਹੋਏ ਦਾਣਿਆਂ ਨੂੰ ਚੱਬਣਾ ਪਸੰਦ ਨਹੀਂ ਕਰਦੀ।ਜੇ ਕਿਤੇ ਦਾਣੇ ਚੱਬਣੇ ਵੀ ਪੈ ਜਾਣ ਤਾਂ ਉਨ੍ਹਾਂ ਦਾ ਤਾਂ ਮੂੰਹ ਹੀ ਥੱਕ ਜਾਂਦਾ ਹੈ। ਪਰ ਪੁਰਾਣੇ ਵੇਲਿਆਂ ਵਿੱਚ ਦਾਣੇ ਚੱਬਣ ਨਾਲ ਦੰਦਾਂ ਦੀ ਮਜ਼ਬੂਤੀ ਤੇ ਸਿਹਤ ਨੂੰ ਨਰੋਆ ਰੱਖਣ ਲਈ ਚੰਗਾ ਸਮਝਿਆ ਜਾਂਦਾ ਸੀ।ਲੰਮੇ ਸਫ਼ਰ ਤੇ ਤੁਰਨ ਲੱਗਿਆ, ਮੇਲੇ ਜਾਣ ਵੇਲੇ ਲੋਕ ਦਾਣੇ ਭੁਨਾ ਕੇ ਕੋਲ ਰੱਖ ਲੈਂਦੇ ਤਾਂ ਜੋ ਰਸਤੇ ਵਿਚ ਭੁੱਖ ਲੱਗਣ ਵੇਲੇ ਦਾਣੇ ਖਾ ਕੇ ਭੁੱਖ ਮਿਟਾਈ ਜਾਵੇ।ਭੱਠੀ ਦੀ ਸਾਡੇ ਪੰਜਾਬੀ ਸੱਭਿਆਚਾਰ ਵਿਰਸੇ ਵਿਚ ਵਿਲੱਖਣ ਤੇ ਵਿਸ਼ੇਸ਼ ਪਛਾਣ ਹੁੰਦੀ ਸੀ। ਭੱਠੀ ਦੇ ਦਾਣਿਆਂ ਦੀ ਮਹਿਕ ਪੰਜਾਬੀਆਂ ਦੇ ਧੁਰ ਅੰਦਰ ਤੱਕ ਵਸੀ ਹੋਈ ਹੈ।ਜਿੰਨੇ ਮਰਜ਼ੀ ਮਹਿੰਗੇ ਪਕਵਾਨ ਖਾ ਲਓ ਪਰ ਭੁੱਜੇ ਭੱਠੀ ਦੇ ਦਾਣਿਆਂ ਦਾ ਸੁਆਦ ਖੁਸ਼ਬੂ ਆਪਣੀ ਹੀ ਹੁੰਦੀ ਸੀ।



ਜੈਕਬ ਤੇਜਾ
ਅਮਨ ਨਗਰ,
ਹਰਦੋਛਨੀ ਰੋਡ,
ਗੁਰਦਾਸਪੁਰ

**ਸੰਪਰਕ** : 98881-12801

# ਅਧਿਆਪਕ ਯੋਗਤਾ ਟੈਸਟ ਨੇ ਪੁਰਾਣੇ ਸਮੇ ਤੋਂ ਸੇਵਾਵਾਂ ਨਿਭਾਅ ਰਹੇ ਅਧਿਆਪਕਾਂ ਦੇ ਸਾਹ ਸੂਤੇ

ਜ਼ਿਕਰ ਪੰਜਾਬ

ਅਧਿਆਪਕ ਕੌਮ ਦਾ ਨਿਰਮਾਤਾ ਹੈ, ਪੁਰਾਤਨ ਸਮੇਂ ਤੋਂ ਹੀ ਸਮਾਜ ਦੇ ਵਿੱਚ ਅਧਿਆਪਕ ਦਾ ਸਤਿਕਾਰ ਬਹੁਤ ਜਿਆਦਾ ਰਿਹਾ ਹੈ, ਮਹਾਭਾਰਤ ਦੇ ਵਿੱਚ ਗੁਰੂ ਦਰੋਣਾਚਾਰੀਆ ਨੂੰ ਕੌਰਵਾ ਅਤੇ ਪਾਂਡਵਾਂ ਦੁਆਰਾ ਦਿੱਤਾ ਸਤਿਕਾਰ ਇੱਕ ਮਿਸਾਲ ਸੀ, ਏਕਲਵਿਆ ਵੱਲੋਂ ਆਪਣੇ ਗੁਰੂ ਨੂੰ ਦਾਨ ਦਕਸ਼ਨਾਂ ਵਿੱਚ ਹੱਥ ਦਾ ਅੰਗੂਠਾ ਭੇਂਟ ਕਰਨਾ ਦਰਸਾਉਂਦਾ ਹੈ ਕਿ ਗੁਰੂ ਦਾ ਉਸ ਸਮੇਂ ਕਿੰਨਾ ਉੱਤਮ ਦਰਜਾ ਸੀ, ਅਧਿਆਪਕ ਉਹ ਦੀਵਾ ਹੈ ਜੋ ਸਮਾਜ ਨੂੰ ਰੌਸ਼ਨੀ ਪ੍ਰਦਾਨ ਕਰਦਾ ਹੈ, ਵਿਦਿਆਰਥੀਆਂ ਦੇ ਲਈ ਅਧਿਆਪਕ ਉਸ ਪੌੜੀ ਦੇ ਵਾਂਗ ਹੈ ਜਿਸ ਦੇ ਉੱਤੇ ਚੜ ਕੇ ਵਿਦਿਆਰਥੀ ਆਪਣੀਆਂ ਮੰਜ਼ਿਲਾਂ ਸਰ ਕਰਦੇ ਹਨ, ਵੱਡੇ ਵੱਡੇ ਅਹੁਦਿਆਂ ਦੇ ਉੱਤੇ ਪਹੁੰਚ ਕੇ ਇਨਸਾਨ ਆਪਣੇ ਅਧਿਆਪਕ ਨੂੰ ਹਮੇਸ਼ਾ ਯਾਦ ਰੱਖਦੇ ਹਨ, ਵਿਦਿਆਰਥੀ ਦੀ ਸਫਲਤਾ ਦੀ ਸਭ ਤੋਂ ਜਿਆਦਾ ਖੁਸ਼ੀ ਉਸ ਦੇ ਅਧਿਆਪਕ ਨੂੰ ਹੁੰਦੀ ਹੈ, ਦੇਸ਼ ਆਜ਼ਾਦੀ ਤੋਂ ਬਾਅਦ ਵਿਦਿਆਰਥੀਆਂ ਨੂੰ ਗਿਆਨ ਦੇਣ ਦੇ ਲਈ ਸਰਕਾਰਾਂ ਵੱਲੋਂ ਪਿੰਡ ਪਿੰਡ ਸਕੂਲ ਖੋਲੇ ਗਏ, ਸਰਕਾਰੀ ਸਕੂਲਾਂ ਦੇ ਵਿੱਚੋਂ ਬਹੁਤ ਉੱਚ ਕੋਟੀ ਦੇ ਵਿਦਵਾਨ ਪੈਦਾ ਹੋਏ, ਜਿਨ੍ਹਾਂ ਨੇ ਦੇਸ਼ ਦਾ ਨਾ ਰੌਸ਼ਨ ਕੀਤਾ, ਸਾਰੇ ਪਿੰਡ ਦੇ ਬੱਚੇ ਇੱਕ ਹੀ ਸਕੂਲ ਦੇ ਵਿੱਚ ਪੜ੍ਹਦੇ, ਵਿਦਿਆਰਥੀਆਂ ਦੇ ਵਿੱਚ ਪਿਆਰ ਮੁਹੱਬਤ, ਆਪਸੀ ਸਾਂਝਾ, ਪ੍ਰੇਮ ਪਿਆਰ ਦਾ ਸੱਭਿਆਚਾਰ ਸਿਰਜਿਆ ਜਾਂਦਾ, ਪ੍ਰੰਤੂ ਜਿਵੇਂ ਕਹਿੰਦੇ ਹਨ ਕਿ ਇਨਸਾਨ ਦੀਆਂ ਲਾਲਚੀ ਪ੍ਰਵਿਰਤੀਆਂ ਅਧੀਨ ਪੂੰਜੀਵਾਦੀ ਲੋਕਾਂ ਵੱਲੋਂ, ਨਿੱਜੀਕਰਨ ਦਾ ਐਸਾ ਦੈਂਤ ਪੈਦਾ ਕੀਤਾ ਗਿਆ ਕਿ ਜਿਸ ਨੇ ਸਾਡੀਆਂ ਮਾਣਮੱਤੀਆਂ ਸਰਕਾਰੀ ਸੰਸਥਾਵਾਂ ਨੂੰ ਨਿਗਲਣਾ ਸ਼ੁਰੂ ਕਰ ਦਿੱਤਾ, ਭਾਰਤ ਦੇ ਵਿੱਚ 1990-91 ਦੇ ਵਿੱਚ ਲਿਆਂਦੀਆਂ ਆਰਥਿਕ ਉਦਾਰਵਾਦੀ ਨੀਤੀਆਂ ਨੇ ਸਰਕਾਰੀ ਅਦਾਰਿਆਂ ਨੂੰ ਘੁਣ ਵਾਂਗੂੰ ਖਾਣਾ ਸ਼ੁਰੂ ਕੀਤਾ, ਆਮ ਲੋਕਾਂ ਨੂੰ ਭੁਲੇਖਾ ਪਾਇਆ ਗਿਆ ਕਿ ਇਸ ਨਾਲ ਬਹੁਤ ਸੁਧਾਰ ਹੋਵੇਗਾ, ਪ੍ਰੰਤੂ ਉਸ ਸਮੇਂ ਤੋਂ ਹੀ ਸਾਡੀਆਂ ਸੰਘਰਸ਼ ਸ਼ੀਲ ਜਥੇਬੰਦੀਆਂ ਇਹਨਾਂ ਮਾਰੂ ਨੀਤੀਆਂ ਦਾ ਵਿਰੋਧ ਕਰ ਰਹੀਆਂ ਹਨ। ਜਿਸ ਦੇ ਅਸਲੀ ਸਿੱਟੇ ਤਿੰਨ ਕਿਸਾਨੀ ਕਾਨੂੰਨ ਲਿਆਉਣ ਦੇ ਨਾਲ ਸਾਹਮਣੇ ਆਏ, ਉਸ ਸਮੇਂ ਪਤਾ ਚੱਲਿਆ ਕਿ ਦੇਸ਼ ਦੇ ਲੋਕਤੰਤਰੀ ਆਰਥਿਕ ਢਾਂਚੇ ਨੂੰ ਨਿੱਜੀਕਰਨ ਦਾ ਦੈਂਤ ਕਿਵੇਂ ਨਿਗਲਣ ਲੱਗਿਆ ਹੋਇਆ ਹੈ।ਪਰ ਜਿਵੇਂ ਕਿਹਾ ਜਾਂਦਾ ਹੈ ਕਿ ਸੰਘਰਸ਼ ਦੇ ਅੱਗੇ ਵੱਡੇ ਵੱਡੇ ਰਾਜਨੀਤਿਕ ਅਤੇ ਪ੍ਰਸ਼ਾਸਨਿਕ ਢਾਂਚੇ ਗੋਡੇ ਟੇਕ ਦਿੰਦੇ ਹਨ, ਜਿਸ ਦੀ ਉਦਾਹਰਨ ਕਿਸਾਨ ਘੋਲ ਜੇਤੂ ਰਿਹਾ, ਆਖਰ ਨੂੰ ਸਾਡੇ ਅੰਨਦਾਤੇ ਹਾਰ ਵੀ ਕਿਵੇਂ ਜਾਂਦੇ, ਕਿਉਂਕਿ ਪੂਰੀ ਲੋਕਾਈ ਨੇ ਸਾਥ ਦਿੱਤਾ। ਉਦਾਰੀਕਰਨ, ਨਿੱਜੀਕਰਨ, ਵਿਸਵੀਕਰਨ, ਇਹ ਤਿੰਨੋਂ ਹੀ ਅਜਿਹੇ ਟਰਮ ਹਨ, ਜਿਹਨਾਂ ਨੇ ਪੂਰੇ ਭਾਰਤ ਦੇ ਰਾਜਨੀਤਿਕ ਢਾਂਚੇ ਨੂੰ ਬਦਲ ਕੇ ਰੱਖ ਦਿੱਤਾ, ਰਾਜਨੀਤੀ ਵਿਗਿਆਨ ਦੇ ਵਿੱਚ ਵਿਦਿਆਰਥੀਆਂ ਨੂੰ ਇਹ ਪੜ੍ਹਾਇਆ ਜਾਂਦਾ ਸੀ ਕਿ ਸਰਕਾਰ ਦੇ ਤਿੰਨ ਅੰਗ ਹਨ, ਵਿਧਾਨਪਾਲਿਕਾ, ਕਾਰਜ ਪਾਲਿਕਾ,ਨਿਆਪਾਲਿਕਾ ਅਤੇ ਤਿੰਨਾਂ ਦਾ ਆਪਣਾ ਆਪਣਾ ਖੇਤਰ ਹੈ, ਵਿਧਾਨ ਪਾਲਿਕਾ ਕਾਨੂੰਨ ਬਣਾਉਂਦੀ, ਕਾਰਜਪਾਲਿਕਾ ਕਾਨੂੰਨ ਨੂੰ ਲਾਗੂ ਕਰਦੀ ਹੈ, ਨਿਆਪਾਲਿਕਾ ਕਾਨੂੰਨ ਦੀ ਵਿਆਖਿਆ ਕਰਦੀ ਹੈ ਅਤੇ ਲੋਕਾਂ ਨੂੰ ਨਿਆ ਪ੍ਰਦਾਨ ਕਰਦੀ ਹੈ। ਪਰ ਵਰਤਮਾਨ ਸਮੇਂ ਲੋਕਤੰਤਰ ਦੇ ਵਿੱਚ ਇਹ ਸਮਝ ਹੀ ਨਹੀਂ ਆ ਰਿਹਾ, ਕਿ ਇਹ ਤਿੰਨੋਂ ਸੰਵਿਧਾਨਿਕ ਅਦਾਰੇ ਕਿਹੋ ਜਿਹੀ ਭੂਮਿਕਾ ਨਿਭਾ ਰਹੇ ਹਨ। ਮੇਰੇ ਚੇਤੇ ਹੈ ਕਿ ਇੱਕ ਵਾਰ ਭਾਰਤ ਦੇ ਮਰਹੂਮ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨੇ ਕਿਹਾ ਸੀ ਕਿ ਕਾਨੂੰਨ ਬਣਾਉਣਾ ਵਿਧਾਨ ਪਾਲਿਕਾ ਦਾ ਕੰਮ ਹੈ, ਪਰੰਤੂ ਵਿਧਾਨਿਕ ਕੰਮਾਂ ਦੇ ਵਿੱਚ ਦੂਜੇ ਸੰਵਿਧਾਨਿਕ ਅਦਾਰਿਆਂ ਦੀ ਦਖਲ ਅੰਦਾਜੀ ਲੋਕਤੰਤਰ ਦੇ ਲਈ ਸ਼ੁਭ ਸੰਕੇਤ ਨਹੀਂ ਹੈ।

ਭਾਰਤ ਦੇ ਵਿੱਚ ਸਿੱਖਿਆ ਸੁਧਾਰ ਢਾਂਚੇ ਦਾ ਨਵੀਨੀਕਰਨ ਦੇ ਲਈ 2009 ਦੇ ਵਿੱਚ ਨਵੀਂ ਸਿੱਖਿਆ ਨੀਤੀ ਲਿਆਂਦੀ ਗਈ, ਸੰਘੀ ਢਾਂਚੇ ਅਨੁਸਾਰ ਬਹੁਤ ਸਾਰੇ ਰਾਜਾਂ ਨੇ ਇਸ ਨਵੀ ਸਿੱਖਿਆ ਨੀਤੀ ਨੂੰ ਅਪਣਾਉਣ ਤੋਂ ਇਨਕਾਰ ਕੀਤਾ, ਬਹੁਤ ਸਾਰੇ ਰਾਜਾ ਨੇ ਇਸ ਨੀਤੀ ਨੂੰ ਬਹੁਤ ਜਲਦੀ ਦੇ ਨਾਲ ਲਾਗੂ ਕੀਤਾ, ਨਵੀ ਸਿੱਖਿਆ ਨੀਤੀ ਅਨੁਸਾਰ ਅਧਿਆਪਕ ਭਰਤੀ ਦੇ ਨਿਯਮ ਬਣਾਏ ਗਏ, ਜਿਸ ਤਹਿਤ ਅਧਿਆਪਕ ਭਰਤੀ ਦੇ ਲਈ ਅਧਿਆਪਕ ਯੋਗਤਾ ਟੈਸਟ ਦੀ ਸ਼ੁਰੂਆਤ ਕੀਤੀ ਗਈ, ਸਾਰੇ ਰਾਜਾਂ ਨੇ ਅਧਿਆਪਕ ਯੋਗਤਾ ਟੈਸਟ ਰਾਹੀਂ ਅਧਿਆਪਕ ਭਰਤੀ ਕਰਨੇ ਸ਼ੁਰੂ ਕੀਤੇ, ਚਲੋ ਦੇਖਿਆ ਜਾਵੇ ਟੈਸਟ ਸਮੇਂ ਦੀ ਜਰੂਰਤ ਵੀ ਹੈ, ਕਿਉਂਕਿ



ਵਿਦਿਅਕ ਡਿਗਰੀਆਂ ਦਾ ਪੂਰੇ ਦੇਸ਼ ਦੇ ਵਿੱਚ ਵਪਾਰੀਕਰਨ ਹੋ ਰਿਹਾ ਹੈ, ਪ੍ਰਾਈਵੇਟ ਯੂਨੀਵਰਸਿਟੀਆਂ ਗ੍ਰੈਜੂਏਸ਼ਨ ਤੋਂ ਲੈ ਕੇ ਡਾਕਟਰੇਟ ਤੱਕ ਦੀਆਂ ਡਿਗਰੀਆਂ ਬੋਲੀ ਲਾ ਕੇ ਧੜਾ ਧੜ ਵੇਚ ਰਹੀਆਂ ਹਨ, ਸੋ ਵਰਤਮਾਨ ਸਮੇ ਮੈਰਿਟ ਅਨੁਸਾਰ ਭਰਤੀ ਨੂੰ ਤਰਕਸੰਗਤ ਨਹੀਂ ਮੰਨਿਆ ਜਾ ਸਕਦਾ। ਦੂਜੇ ਰਾਜਾਂ ਦੀ ਤਰਜ ਦੇ ਉੱਤੇ ਪੰਜਾਬ ਦੇ ਵਿੱਚ ਵੀ ਅਧਿਆਪਕ ਯੋਗਤਾ ਟੈਸਟ ਰਾਹੀਂ ਅਧਿਆਪਕ ਭਰਤੀਆਂ ਦਾ ਰਾਹ ਖੁੱਲਿਆ। ਸੰਘੀ ਢਾਂਚੇ ਤਹਿਤ ਪੰਜਾਬ ਨੇ ਨਵੀ ਸਿੱਖਿਆ ਨੀਤੀ ਨੂੰ ਅਪਣਾਇਆ, ਪੀ ਐਮ ਸ੍ਰੀ ਯੋਜਨਾ ਤਹਿਤ ਸਕੂਲਾਂ ਦਾ ਨਵੀਨੀਕਰਨ ਕੀਤਾ ਗਿਆ। ਰਾਜ ਸਰਕਾਰ ਕੇਂਦਰ ਸਰਕਾਰ ਦੀਆਂ ਸਾਰੀਆਂ ਯੋਜਨਾਵਾਂ ਨੂੰ ਵਿਦਿਅਕ ਸੰਸਥਾਵਾਂ ਦੇ ਵਿੱਚ ਲਾਗੂ ਕਰ ਰਹੀ ਹੈ। ਪਰ ਇਹਨਾਂ ਕੇਂਦਰੀ ਸ਼ਰਤਾਂ ਦਾ ਮਾਰੂ ਪ੍ਰਭਾਵ ਉਸ ਸਮੇਂ ਦੇਖਣ ਨੂੰ ਮਿਲਿਆ ਜਦੋਂ ਲੰਬੇ ਸਮੇਂ ਤੋਂ ਵਿੱਦਿਅਕ ਸੰਸਥਾਵਾਂ ਦੇ ਵਿੱਚ ਸੇਵਾਵਾਂ ਨਿਭਾ ਰਹੇ ਪ੍ਰਾਇਮਰੀ ਕਾਡਰ ਦੇ ਅਧਿਆਪਕਾ ਨੂੰ ਪ੍ਰਮੋਸ਼ਨ ਸਮੇਂ ਸਰਵ ਉੱਚ ਅਦਾਲਤ ਦੇ ਫੈਸਲੇ ਦਾ ਹਵਾਲਾ ਦੇ ਕੇ ਅਧਿਆਪਕ ਯੋਗਤਾ ਟੈਸਟ ਪਾਸ ਕਰਨ ਦੇ ਲਈ ਬਹੁਤ ਹੀ ਮਾਰੂ ਸ਼ਰਤ ਸਬੰਧਿਤ ਅਧਿਆਪਕਾ ਦੇ ਸਾਹਮਣੇ ਰੱਖ ਦਿੱਤੀ। ਇਸ ਮਾਰੂ ਸ਼ਰਤ ਦੇ ਅਨੁਸਾਰ ਪੂਰੇ ਭਾਰਤ ਦੇ ਵਿੱਚ 25 ਲੱਖ ਦੇ ਕਰੀਬ ਅਧਿਆਪਕ ਪ੍ਰਭਾਵਿਤ ਹੋ ਰਿਹਾ ਹੈ। ਜੋ ਕਿ ਆਪਣੇ ਆਪ ਦੇ ਵਿੱਚ ਬਹੁਤ ਵੱਡਾ ਅੰਕੜਾ ਹੈ। ਪੁਰਾਣੇ ਅਧਿਆਪਕਾਂ ਦੇ ਉੱਤੇ ਜੋ ਕਿ ਲੰਬੇ ਸਮੇਂ ਤੋਂ ਸਿੱਖਿਆ ਵਿਭਾਗ ਦੇ ਵਿੱਚ ਸੇਵਾਵਾ ਨਿਭਾ ਰਹੇ ਹਨ,ਉਹਨਾਂ ਉੱਤੇ ਅਧਿਆਪਕ ਯੋਗਤਾ ਟੈਸਟ ਥੋਪਣਾ ਸਰਾਸਰ ਬਹੁਤ ਵੱਡਾ ਧੱਕਾ ਹੈ, ਕਿਉਂਕਿ ਜਿਹੜੇ ਅਧਿਆਪਕ ਆਪਣੇ ਸਮੇਂ ਦੇ ਵਿਭਾਗ ਵੱਲੋਂ ਨਿਰਧਾਰਤ ਮਾਪਦੰਡਾਂ ਨੂੰ ਪੂਰਾ ਕਰਕੇ ਭਰਤੀ ਹੋਏ ਹਨ, ਆਪਣਾ ਸਮੁੱਚਾ ਜੀਵਨ ਵਿਦਿਆਰਥੀ ਵਰਗ ਨੂੰ ਸਮਰਪਿਤ ਕੀਤਾ ਹੈ, ਉਹਨਾਂ ਨਾਲ ਅਜਿਹਾ ਧੱਕਾ ਕਰਨਾ, ਆਪਣੇ ਆਪ ਦੇ ਵਿੱਚ ਬਹੁਤ ਹੀ ਕੋਝਾ ਮਜ਼ਾਕ ਹੈ। ਅਜਿਹੇ ਤਰਕਹੀਣ ਫੈਸਲੇ ਦੇ ਨਾਲ ਪੀੜਤ ਅਧਿਆਪਕ ਅਤੇ ਉਹਨਾਂ ਦੇ ਪਰਿਵਾਰ ਫਿਕਰ ਮੰਦੀ ਦੇ ਵਿੱਚ ਡੁੱਬ ਗਏ ਹਨ। ਜੇਕਰ ਅਧਿਆਪਕ ਹੀ ਚਿੰਤਾਗ੍ਰਸਤ ਹੋ ਗਏ, ਤਾਂ ਉਹ ਕਿਹੋ ਜਿਹੇ ਭਵਿੱਖ ਦੇ ਵਾਰਸ ਸਿਰਜਣਗੇ, ਅੱਜ ਸਰਕਾਰ ਨੂੰ ਇਸ ਵੱਡੇ ਸਵਾਲ ਤੇ ਸੋਚਣ ਦੀ ਜਰੂਰਤ ਹੈ।

ਵਰਤਮਾਨ ਸਮੇਂ ਸਿੱਖਿਆ ਸੰਸਥਾਵਾਂ ਲਈ ਬਹੁਤ ਹੀ ਉਪਯੋਗੀ ਸਮਾਂ ਹੈ ਕਿਉਕਿ ਸਕੂਲਾਂ ਦੇ ਵਿੱਚ ਵਿਦਿਆਰਥੀਆਂ ਦੇ ਇਮਤਿਹਾਨ ਚੱਲ ਰਹੇ ਹਨ, ਸਮੁੱਚਾ ਅਧਿਆਪਕ ਵਰਗ ਆਪਣੀਆਂ ਤਨ ਦੇਹੀ ਦੇ ਨਾਲ ਡਿਊਟੀਆਂ ਨਿਭਾ ਰਿਹਾ ਹੈ, ਪਰ ਇਸ ਮਾਰੂ ਫੈਸਲੇ ਨੇ ਕੌਮ ਦੇ ਨਿਰਮਾਤਿਆਂ ਨੂੰ ਸੰਘਰਸ਼ਾਂ ਦੇ ਰਾਹ ਪੈਣ ਲਈ ਮਜਬੂਰ ਕਰ ਦਿੱਤਾ ਹੈ। ਜਿਸ ਦਾ ਨਤੀਜਾ ਸਾਹਮਣੇ ਹੈ ਕਿ ਖਾਲਸੇ ਦੀ ਧਰਤੀ ਅਨੰਦਪੁਰ ਸਾਹਿਬ ਵਿਖੇ ਮਿਤੀ 22/2/2026 ਨੂੰ ਅਧਿਆਪਕ ਸਾਂਝੇ ਫਰੰਟ ਵੱਲੋਂ ਬਹੁਤ ਵੱਡਾ ਵਿਸ਼ਾਲ ਇਕੱਠ ਰੱਖਿਆ ਗਿਆ ਹੈ, ਅਤੇ ਸਮੁੱਚੇ ਅਧਿਆਪਕ ਵਰਗ ਨੂੰ ਅਧਿਆਪਕ ਯੋਗਤਾ ਟੈਸਟ ਦਾ ਬਾਈਕਾਟ ਕਰਨ ਦੇ ਲਈ ਕਿਹਾ ਗਿਆ ਹੈ। ਅਜਿਹੇ ਨਾਜ਼ੁਕ ਮੋੜ ਦੇ ਉੱਤੇ ਸਾਡੇ ਮਾਨਯੋਗ ਮੁੱਖ ਮੰਤਰੀ ਪੰਜਾਬ ਅਤੇ ਸਿੱਖਿਆ ਮੰਤਰੀ ਨੂੰ ਕੋਈ ਸਾਰਥਿਕ ਹੱਲ ਕੱਢਦੇ ਹੋਏ, ਅਧਿਆਪਕ ਵਰਗ ਦੇ ਵਿੱਚ ਮੱਚੀ ਖਲਬਲੀ ਨੂੰ ਦੂਰ ਕਰਨਾ ਚਾਹੀਦਾ ਹੈ, ਤਾਂ ਕਿ ਸਾਡੀਆਂ ਵਿਦਿਅਕ ਸੰਸਥਾਵਾਂ ਦਾ ਮਾਹੌਲ ਸੁਖਾਵਾਂ ਰਹਿ ਸਕੇ। ਪਿਛਲੇ ਸਮੇਂ, ਪੰਜਾਬ ਸਰਕਾਰ ਵੱਲੋਂ ਬਹੁਤ ਹੀ ਸਲਾਹੁਣ ਯੋਗ ਫੈਸਲਿਆਂ ਤਹਿਤ ਸਾਡੇ ਸਰਕਾਰੀ ਕਾਲਜਾਂ ਨੂੰ ਪੱਕੀ ਭਰਤੀ ਤਹਿਤ ਪ੍ਰੋਫੈਸਰ ਨਸੀਬ ਹੋਏ ਸਨ, ਪ੍ਰੰਤੂ ਸਾਡੀ ਮਾਨਯੋਗ ਸਰਬ ਉੱਚ ਅਦਾਲਤ ਦੇ ਫੈਸਲੇ ਤਹਿਤ ਉਸ ਭਰਤੀ ਦਾ ਵੀ ਭੋਗ ਪੈ ਗਿਆ ਹੈ, ਪਰ ਚਲੋ ਸਾਡੀ ਪੰਜਾਬ ਸਰਕਾਰ ਦੀ ਬੇਨਤੀ ਤਹਿਤ ਮਾਨਯੋਗ ਸੁਪਰੀਮ ਕੋਰਟ ਨੇ ਉਹਨਾਂ ਅਧਿਆਪਕਾਂ ਦੇ ਚੁੱਲੇ ਬਲਦੇ ਰੱਖਣ ਤਹਿਤ ਅਗਲੇ ਹੁਕਮਾਂ ਤੱਕ ਉਹਨਾਂ ਅਧਿਆਪਕਾਂ ਨੂੰ ਕਾਲਜਾਂ ਦੇ ਵਿਚ ਕੰਮ ਕਰਨ ਦੇ ਲਈ ਮਨਜ਼ੂਰੀ ਦਿੱਤੀ ਹੈ, ਚਲੋ ਚੰਗਾ ਫੈਸਲਾ ਹੈ, ਰਾਹਤ ਮਿਲੀ, ਭਾਵੇ ਵਕਤੀ ਹੀ ਸਹੀ। ਅੱਜ ਵੀ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਨੂੰ ਮਿਲ ਕੇ ਕੋਈ ਅਜਿਹੇ ਸਾਰਥਿਕ ਫੈਸਲੇ ਕਰਨ ਦੀ ਜਰੂਰਤ ਹੈ, ਜਿਸ ਨਾਲ ਸਾਡੇ ਦੇਸ਼ ਦਾ ਅਕਾਦਮਿਕ ਮਾਹੌਲ ਚੰਗਾ ਬਣ ਸਕੇ, ਵਿਦਿਅਕ ਢਾਂਚਾ ਬੁਲੰਦੀਆਂ ਛੂਹੇ, ਨਾ ਕਿ ਵੱਡੀ ਨਫਰੀ ਦੇ ਵਿੱਚ ਅਧਿਆਪਕ ਸੰਘਰਸ਼ਾਂ ਦੇ ਰਾਹ ਤੇ ਚੱਲਣ ਦੇ ਲਈ ਮਜਬੂਰ ਹੋਣ, ਵਰਤਮਾਨ ਪੰਜਾਬ ਸਰਕਾਰ ਤੋਂ ਵੱਡੀਆਂ ਆਸਾਂ ਹਨ ਕਿ ਪੀੜਤ ਅਧਿਆਪਕਾਂ ਦੇ ਜਖਮਾਂ ਦੇ ਉੱਤੇ ਪੰਜਾਬ ਸਰਕਾਰ ਜਲਦੀ ਮਲਮ ਲਾਵੇਗੀ, ਅਧਿਆਪਕਾ ਦਾ ਪੱਖ ਮਾਨਯੋਗ ਸਰਵ ਉੱਚ ਅਦਾਲਤ ਦੇ ਵਿੱਚ ਰੱਖੇਗੀ, ਜਿਸ ਨਾਲ ਅਧਿਆਪਕਾਂ ਨੂੰ ਬਣਦੇ ਲਾਭ ਮਿਲਣਗੇ ਅਤੇ ਉਹਨਾਂ ਦੀਆਂ ਨੌਕਰੀਆਂ ਤੇ ਲਟਕਦੀ ਤਲਵਾਰ ਹਟੇਗੀ। ਅਧਿਆਪਕ ਦਾ ਰੁਤਬਾ ਬਹੁਤ ਹੀ ਸਤਿਕਾਰਯੋਗ ਹੈ, ਜੇਕਰ ਅਧਿਆਪਕ ਹੀ ਦੇਸ਼ ਦੇ ਵਿੱਚ ਧਰਨੇ ਮੁਜ਼ਾਰਿਆਂ ਦੇ ਉੱਤੇ ਬੈਠਣਗੇ ਤਾਂ ਉਸ ਦੇਸ਼ ਦਾ ਭਵਿੱਖ ਕਦੇ ਵੀ ਉਜਵਲ ਨਹੀਂ ਹੋ ਸਕਦਾ, ਸਾਡੇ ਮਾਨਯੋਗ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਜੀ ਮਾਨ ਖੁਦ ਆਪ ਅਧਿਆਪਕ ਦੇ ਬੇਟੇ ਹਨ, ਅਧਿਆਪਕਾਂ ਦੇ ਮਸਲਿਆਂ ਨੂੰ ਹੱਲ ਕਰਨ ਦੇ ਲਈ ਉਹਨਾਂ ਪਹਿਲ ਕਦਮੀ ਕਰਦਿਆਂ ਕੱਚੇ ਅਧਿਆਪਕਾਂ ਨੂੰ ਪੱਕੇ ਕੀਤਾ,ਜੋ ਕਿ ਬਹੁਤ ਹੀ ਸਲਾਘਾ ਯੋਗ ਫੈਸਲਾ ਸੀ, ਅੱਜ ਵੀ ਅਧਿਆਪਕ ਵਰਗ ਨੂੰ ਉਹਨਾਂ ਉੱਤੇ ਮਾਣ ਹੈ ਕਿ ਉਹ ਜਰੂਰ ਸਾਡੇ ਮਸਲੇ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨਗੇ, ਅਧਿਆਪਕ ਨੂੰ ਗੁਰੂ ਦਾ ਦਰਜਾ ਦਿੱਤਾ ਗਿਆ ਹੈ, ਗੁਰਬਾਣੀ ਦੇ ਵਿੱਚ ਗੁਰੂ ਦੀ ਮਹਿਮਾ ਨੂੰ ਇਸ ਪ੍ਰਕਾਰ ਬਿਆਨ ਕੀਤਾ ਹੈ...

ਜੇ ਸੌ ਚੰਦਾ ਉਗਵਹਿ, ਸੂਰਜ ਚੜਹਿ ਹਜਾਰ,
ਏਤੇ ਚਾਨਣ ਹੋਇਆ, ਗੁਰ ਬਿਨ ਘੋਰ ਅੰਧਾਰ।



ਹਰਸੰਤ ਸਿੰਘ ਢੀਂਡਸਾ
ਪ੍ਰਿੰਸੀਪਲ, ਸਸਸਸ
ਕੌਹਰੀਆਂ (ਸੰਗਰੂਰ)

**ਸੰਪਰਕ** : 9878197000

# ਕੋਵਿਡ ਟੀਕੇ ਅਤੇ ਦਿਲ ਦੇ ਦੌਰੇ: ਅਫਵਾਹਾਂ ਵਿੱਚ ਡੁੱਬਿਆ ਵਿਗਿਆਨ

ਜ਼ਿਕਰ ਪੰਜਾਬ

ਜੇਕਰ ਕੋਵਿਡ ਮਹਾਂਮਾਰੀ ਤੋਂ ਬਾਅਦ ਭਾਰਤ ਵਿੱਚ ਇੱਕ ਡਰ ਤੇਜ਼ੀ ਨਾਲ ਫੈਲਿਆ ਹੈ, ਤਾਂ ਉਹ ਹੈ ਕੋਵਿਡ ਟੀਕਿਆਂ ਅਤੇ ਦਿਲ ਦੇ ਦੌਰੇ ਵਿਚਕਾਰ ਕਥਿਤ ਸਬੰਧ। ਸੋਸ਼ਲ ਮੀਡੀਆ 'ਤੇ ਵਾਇਰਲ ਸੁਨੇਹੇ, ਅਧੂਰੀ ਜਾਣਕਾਰੀ ਨਾਲ ਭਰੇ ਵੀਡੀਓ, ਟੀਵੀ ਸਟੂਡੀਓ ਵਿੱਚ ਗਰਮ ਬਹਿਸਾਂ, ਅਤੇ ਕੁਝ ਗੈਰ-ਜ਼ਿੰਮੇਵਾਰ ਬਿਆਨਾਂ ਨੇ ਇਹ ਧਾਰਨਾ ਪੈਦਾ ਕੀਤੀ ਹੈ ਕਿ ਕੋਵੀਸ਼ੀਲਡ ਅਤੇ ਕੋਵੈਕਸਿਨ ਵਰਗੇ ਟੀਕੇ ਨੌਜਵਾਨਾਂ ਵਿੱਚ ਅਚਾਨਕ ਦਿਲ ਦੇ ਦੌਰੇ ਦਾ ਕਾਰਨ ਬਣ ਰਹੇ ਹਨ। ਇਹ ਡਰ ਇੰਨਾ ਡੂੰਘਾ ਹੋ ਗਿਆ ਹੈ ਕਿ ਬਹੁਤ ਸਾਰੇ ਲੋਕਾਂ ਨੇ ਟੀਕਿਆਂ ਨੂੰ 'ਹੌਲੀ ਜ਼ਹਿਰ' ਵੀ ਕਹਿਣਾ ਸ਼ੁਰੂ ਕਰ ਦਿੱਤਾ ਹੈ। ਪਰ ਅਸਲ ਸਵਾਲ ਇਹ ਹੈ: ਕੀ ਇਹ ਡਰ ਵਿਗਿਆਨਕ ਤੱਥਾਂ 'ਤੇ ਅਧਾਰਤ ਹੈ, ਜਾਂ ਇਹ ਸਿਰਫ਼ ਅਫਵਾਹਾਂ ਅਤੇ ਗਲਤ ਧਾਰਨਾਵਾਂ ਦੀ ਇੱਕ ਲੰਬੀ ਲੜੀ ਹੈ?

ਹਾਲ ਹੀ ਦੇ ਮਹੀਨਿਆਂ ਵਿੱਚ, ਕਰਨਾਟਕ ਦੇ ਹਸਨ ਜ਼ਿਲ੍ਹੇ ਵਿੱਚ 22 ਅਚਾਨਕ ਹੋਈਆਂ ਮੌਤਾਂ ਨੂੰ ਕੋਵਿਡ ਟੀਕਿਆਂ ਨਾਲ ਜੋੜਨ ਦੇ ਸਵਾਲ ਉਠਾਏ ਗਏ ਸਨ, ਜਿਸ ਨਾਲ ਇਸ ਬਹਿਸ ਨੂੰ ਹੋਰ ਹਵਾ ਮਿਲੀ। ਇਸ ਤੋਂ ਬਾਅਦ, ਸੋਸ਼ਲ ਮੀਡੀਆ 'ਤੇ ਦਾਅਵੇ ਤੇਜ਼ੀ ਨਾਲ ਫੈਲਣੇ ਸ਼ੁਰੂ ਹੋ ਗਏ ਕਿ ਨੌਜਵਾਨ 'ਗਲਤ ਟੀਕਿਆਂ' ਕਾਰਨ ਮਰ ਰਹੇ ਹਨ। ਹਾਲਾਂਕਿ, ਇੱਕ ਵਿਸਤ੍ਰਿਤ ਜਾਂਚ ਤੋਂ ਬਾਅਦ, ਰਾਜ ਸਰਕਾਰ ਦੁਆਰਾ ਬਣਾਈ ਗਈ ਇੱਕ ਮਾਹਰ ਕਮੇਟੀ ਨੇ ਸਪੱਸ਼ਟ ਤੌਰ 'ਤੇ ਇਹ ਸਿੱਟਾ ਕੱਢਿਆ ਕਿ ਇਨ੍ਹਾਂ ਮੌਤਾਂ ਅਤੇ ਕੋਵਿਡ ਟੀਕਿਆਂ ਵਿਚਕਾਰ ਕੋਈ ਸਿੱਧਾ ਕਾਰਨ ਸਬੰਧ ਨਹੀਂ ਮਿਲਿਆ। ਇਹ ਸਿੱਟਾ ਕਿਸੇ ਇੱਕ ਕਮੇਟੀ ਤੱਕ ਸੀਮਿਤ ਨਹੀਂ ਹੈ, ਸਗੋਂ ਦੇਸ਼ ਦੀਆਂ ਚੋਟੀ ਦੀਆਂ ਸਿਹਤ ਸੰਸਥਾਵਾਂ ਦੁਆਰਾ ਕੀਤੇ ਗਏ ਅਧਿਐਨਾਂ ਦੁਆਰਾ ਵੀ ਪੁਸ਼ਟੀ ਕੀਤੀ ਗਈ ਹੈ। ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼), ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ (ਆਈਸੀਐਮਆਰ), ਕੇਂਦਰੀ ਸਿਹਤ ਮੰਤਰਾਲੇ ਅਤੇ ਸੀਰਮ ਇੰਸਟੀਚਿਊਟ ਆਫ਼ ਇੰਡੀਆ ਦੁਆਰਾ ਕੀਤੇ ਗਏ ਕਈ ਸੁਤੰਤਰ ਅਧਿਐਨਾਂ ਨੇ ਵਾਰ-ਵਾਰ ਭਾਰਤ ਵਿੱਚ ਵਰਤੇ ਜਾਣ ਵਾਲੇ ਕੋਵਿਡ-19 ਟੀਕਿਆਂ ਦੀ ਸੁਰੱਖਿਆ ਦਾ ਪ੍ਰਦਰਸ਼ਨ ਕੀਤਾ ਹੈ। ਆਈਸੀਐਮਆਰ ਦੁਆਰਾ 19 ਰਾਜਾਂ ਦੇ 47 ਵੱਡੇ ਹਸਪਤਾਲਾਂ ਵਿੱਚ ਕੀਤੇ ਗਏ ਇੱਕ ਬਹੁ-ਕੇਂਦਰ ਅਧਿਐਨ ਵਿੱਚ ਅਚਾਨਕ ਮੌਤਾਂ ਦੇ ਕਾਰਨਾਂ ਦਾ ਵਿਸ਼ਲੇਸ਼ਣ ਕੀਤਾ ਗਿਆ। ਨਤੀਜੇ ਸਪੱਸ਼ਟ ਸਨ - ਲਗਭਗ 85 ਪ੍ਰਤੀਸ਼ਤ ਮਾਮਲਿਆਂ ਵਿੱਚ, ਮੌਤ ਦਾ ਕਾਰਨ ਪਹਿਲਾਂ ਤੋਂ ਮੌਜੂਦ ਕੋਰੋਨਰੀ ਆਰਟਰੀ ਬਿਮਾਰੀ ਸੀ, ਜਿਸਦੀ ਵਿਸ਼ੇਸ਼ਤਾ ਧਮਨੀਆਂ ਵਿੱਚ ਚਰਬੀ ਜਮ?ਹਾਂ (ਪਲਾਕ) ਦਾ ਇਕੱਠਾ ਹੋਣਾ ਸੀ। ਬਾਕੀ ਮਾਮਲਿਆਂ ਵਿੱਚ, ਜੈਨੇਟਿਕ ਕਾਰਕ, ਗੈਰ-ਸਿਹਤਮੰਦ ਜੀਵਨ ਸ਼ੈਲੀ, ਬਹੁਤ ਜ਼ਿਆਦਾ ਮਾਨਸਿਕ ਤਣਾਅ, ਮੋਟਾਪਾ, ਸਿਗਰਟਨੋਸ਼ੀ, ਅਤੇ ਕੋਵਿਡ-19 ਲਾਗ ਦੇ ਬਾਅਦ ਦੇ ਪ੍ਰਭਾਵਾਂ ਨੂੰ ਜ਼ਿੰਮੇਵਾਰ ਪਾਇਆ ਗਿਆ। ਟੀਕਿਆਂ ਨਾਲ ਕੋਈ ਸਿੱਧਾ ਜਾਂ ਨਿਰਣਾਇਕ ਸਬੰਧ ਨਹੀਂ ਮਿਲਿਆ। ਇਹ ਸੱਚ ਹੈ ਕਿ ਐਸਟਰਾਜ਼ੇਨੇਕਾ ਨੇ ਅਦਾਲਤ ਵਿੱਚ ਮੰਨਿਆ ਕਿ ਇਸਦੀ ਟੀਕਾ ਇੱਕ ਬਹੁਤ ਹੀ ਦੁਰਲੱਭ ਸਥਿਤੀ ਦਾ ਕਾਰਨ ਬਣ ਸਕਦੀ ਹੈ - ਇੱਕ ਸਿੰਡਰੋਮ ਜਿਸ ਵਿੱਚ ਖੂਨ ਦੇ ਥੱਕੇ ਅਤੇ ਘੱਟ ਪਲੇਟਲੈਟ ਹੁੰਦੇ ਹਨ। ਪਰ ਇਹ ਸਥਿਤੀ ਲੱਖਾਂ ਵਿੱਚੋਂ ਸਿਰਫ਼ ਕੁਝ ਮਾਮਲਿਆਂ ਵਿੱਚ ਹੀ ਦੇਖੀ ਗਈ, ਅਤੇ ਟੀਕਾਕਰਨ ਤੋਂ ਬਾਅਦ ਪਹਿਲੇ ਕੁਝ ਹਫ਼ਤਿਆਂ ਵਿੱਚ ਹੀ। ਡਾਕਟਰੀ ਤੌਰ 'ਤੇ, ਇਹ ਸਥਿਤੀ ਅਤੇ ਦਿਲ ਦਾ ਦੌਰਾ ਦੋ ਵੱਖ-ਵੱਖ ਬਿਮਾਰੀ ਪ੍ਰਕਿਰਿਆਵਾਂ ਹਨ। ਦੋਵਾਂ ਨੂੰ ਬਰਾਬਰ ਕਰਨਾ ਨਾ ਸਿਰਫ਼ ਵਿਗਿਆਨਕ ਤੌਰ 'ਤੇ ਗਲਤ ਹੈ ਸਗੋਂ ਜਨਤਾ ਲਈ ਗੁੰਮਰਾਹਕੁੰਨ ਵੀ ਹੈ।

ਅਸਲੀਅਤ ਇਹ ਹੈ ਕਿ ਕੋਵਿਡ ਦੀ ਲਾਗ ਖੁਦ ਦਿਲ ਲਈ ਕਿਤੇ ਜ਼ਿਆਦਾ ਖ਼ਤਰਨਾਕ ਸਾਬਤ ਹੋਈ ਹੈ। ਵਿਸ਼ਵ ਸਿਹਤ ਸੰਗਠਨ ਅਤੇ ਭਾਰਤ ਸਮੇਤ ਕਈ ਦੇਸ਼ਾਂ ਵਿੱਚ ਕੀਤੇ ਗਏ ਅਧਿਐਨਾਂ ਦੇ ਅਨੁਸਾਰ, ਕੋਵਿਡ ਨਾਲ ਸੰਕਰਮਿਤ ਵਿਅਕਤੀ ਨੂੰ ਦਿਲ ਦਾ ਦੌਰਾ, ਸਟ?ਰੋਕ ਅਤੇ ਦਿਲ ਦੀ ਅਸਫਲਤਾ ਦਾ ਖ਼ਤਰਾ ਦੋ ਤੋਂ ਤਿੰਨ ਗੁਣਾ ਵੱਧ ਜਾਂਦਾ ਹੈ। ਵਾਇਰਸ ਸਰੀਰ ਵਿੱਚ ਵਿਆਪਕ ਸੋਜਸ਼ ਦਾ ਕਾਰਨ ਬਣਦਾ ਹੈ, ਜੋ ਦਿਲ ਦੀਆਂ ਮਾਸਪੇਸ਼ੀਆਂ ਅਤੇ ਖੂਨ ਦੀਆਂ ਨਾੜੀਆਂ ਨੂੰ ਗੰਭੀਰ ਰੂਪ ਵਿੱਚ ਨੁਕਸਾਨ ਪਹੁੰਚਾ ਸਕਦਾ ਹੈ। ਪਹਿਲੀ ਅਤੇ ਦੂਜੀ ਲਹਿਰ ਵਿੱਚ ਮੁਕਾਬਲਤਨ ਨੌਜਵਾਨ ਅਤੇ ਪਹਿਲਾਂ





ਤੰਦਰੁਸਤ ਵਿਅਕਤੀਆਂ ਦੇ ਗੰਭੀਰ ਦਿਲ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨ ਦੇ ਕਈ ਮਾਮਲੇ ਸਾਹਮਣੇ ਆਏ। ਇਸ ਸੰਦਰਭ ਵਿੱਚ, ਟੀਕਿਆਂ ਨੇ ਜੋਖਮ ਨੂੰ ਘਟਾਉਣ ਵਿੱਚ ਇੱਕ ਸੁਰੱਖਿਆ ਭੂਮਿਕਾ ਨਿਭਾਈ। ਫਿਰ ਸਵਾਲ ਇਹ ਉੱਠਦਾ ਹੈ: ਮਹਾਂਮਾਰੀ ਤੋਂ ਬਾਅਦ ਅਚਾਨਕ ਮੌਤਾਂ ਅਤੇ ਦਿਲ ਦੇ ਦੌਰੇ ਕਿਉਂ ਵਧਦੇ ਦਿਖਾਈ ਦੇ ਰਹੇ ਹਨ? ਮਾਹਿਰਾਂ ਦਾ ਜਵਾਬ ਮੁਕਾਬਲਤਨ ਸਪੱਸ਼ਟ ਹੈ - ਮਹਾਂਮਾਰੀ ਤੋਂ ਬਾਅਦ ਜੀਵਨ ਸ਼ੈਲੀ ਬਦਲ ਗਈ। ਲੰਬੇ ਤਾਲਾਬੰਦੀ ਦੌਰਾਨ, ਸਰੀਰਕ ਗਤੀਵਿਧੀਆਂ ਵਿੱਚ ਕਾਫ਼ੀ ਕਮੀ ਆਈ, ਭਾਰ ਵਧਿਆ, ਮਾਨਸਿਕ ਤਣਾਅ ਅਤੇ ਡਿਪਰੈਸ਼ਨ ਵਧਿਆ, ਨੀਂਦ ਦੇ ਚੱਕਰ ਵਿਘਨ ਪਏ, ਅਤੇ ਜੰਕ ਫੂਡ ਦੀ ਖਪਤ ਵਧ ਗਈ। ਇਸ ਤੋਂ ਇਲਾਵਾ, ਕੋਵਿਡ ਦੀ ਲਾਗ ਤੋਂ ਬਾਅਦ ਲੰਬੇ ਸਮੇਂ ਦੀ ਸੋਜਸ਼, ਥਕਾਵਟ ਅਤੇ ਸਾਹ ਦੀਆਂ ਸਮੱਸਿਆਵਾਂ ਵੀ ਦਿਲ ਦੇ ਜੋਖਮ ਨੂੰ ਵਧਾਉਂਦੀਆਂ ਹਨ। ਇਨ੍ਹਾਂ ਗੁੰਝਲਦਾਰ ਅਤੇ ਅਸਲ ਕਾਰਨਾਂ 'ਤੇ ਗੰਭੀਰਤਾ ਨਾਲ ਚਰਚਾ ਕਰਨ ਦੀ ਬਜਾਏ, ਟੀਕਿਆਂ ਨੂੰ ਦੋਸ਼ੀ ਠਹਿਰਾਉਣਾ ਆਸਾਨ ਹੈ, ਪਰ ਇਹ ਵਿਗਿਆਨਕ ਸੱਚਾਈ ਤੋਂ ਬਹੁਤ ਦੂਰ ਹੈ।

ਇਹ ਬਹਿਸ ਸਿਹਤ ਤੱਕ ਸੀਮਤ ਨਹੀਂ ਹੈ, ਸਗੋਂ ਲੋਕਤੰਤਰ ਅਤੇ ਸਮਾਜਿਕ ਜ਼ਿੰਮੇਵਾਰੀ ਨਾਲ ਵੀ ਡੂੰਘਾ ਜੁੜੀ ਹੋਈ ਹੈ। ਜਦੋਂ ਅਫਵਾਹਾਂ ਫੈਲਦੀਆਂ ਹਨ, ਤਾਂ ਟੀਕੇ ਪ੍ਰਤੀ ਝਿਜਕ ਵਧ ਜਾਂਦੀ ਹੈ। ਜੇਕਰ ਭਵਿੱਖ ਵਿੱਚ ਇੱਕ ਨਵੀਂ ਮਹਾਂਮਾਰੀ ਉੱਭਰਦੀ ਹੈ ਅਤੇ ਲੋਕ ਟੀਕਿਆਂ 'ਤੇ ਵਿਸ਼ਵਾਸ ਨਹੀਂ ਕਰਦੇ, ਤਾਂ ਨਤੀਜੇ ਹੋਰ ਵੀ ਵਿਨਾਸ਼ਕਾਰੀ ਹੋ ਸਕਦੇ ਹਨ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਪੋਲੀਓ, ਚੇਚਕ ਅਤੇ ਖਸਰਾ ਵਰਗੀਆਂ ਬਿਮਾਰੀਆਂ ਵਿਰੁੱਧ ਮਨੁੱਖਤਾ ਦੀ ਲੜਾਈ ਵਿੱਚ ਟੀਕਿਆਂ ਨੇ ਨਿਰਣਾਇਕ ਭੂਮਿਕਾ ਨਿਭਾਈ ਹੈ। ਕੋਵਿਡ ਟੀਕੇ ਉਸ ਵਿਗਿਆਨਕ ਪਰੰਪਰਾ ਦਾ ਇੱਕ ਮਹੱਤਵਪੂਰਨ ਹਿੱਸਾ ਹਨ।

ਬਦਕਿਸਮਤੀ ਨਾਲ, ਕੁਝ ਮੀਡੀਆ ਪਲੇਟਫਾਰਮਾਂ ਅਤੇ ਸੋਸ਼ਲ ਮੀਡੀਆ ਪ੍ਰਭਾਵਕਾਂ ਨੇ ਟੀਆਰਪੀ ਅਤੇ ਪ੍ਰਸਿੱਧੀ ਲਈ ÷ਟੀਕਾ ਮਾਰਦਾ ਹੈ÷ ਵਰਗੇ ਵਾਕਾਂਸ਼ਾਂ ਦੀ ਵਰਤੋਂ ਆਮ ਤੌਰ 'ਤੇ ਕੀਤੀ। ਅੱਧ-ਪੱਕੇ ਤੱਥਾਂ ਨੂੰ ਸਨਸਨੀਖੇਜ਼ ਬਣਾਇਆ ਗਿਆ, ਜਦੋਂ ਕਿ ਪੂਰੀਆਂ ਵਿਗਿਆਨਕ ਰਿਪੋਰਟਾਂ 'ਤੇ ਘੱਟ ਹੀ ਚਰਚਾ ਕੀਤੀ ਗਈ। ਨਤੀਜੇ ਵਜੋਂ, ਡਰ ਤਰਕ ਉੱਤੇ ਅਤੇ ਅਫਵਾਹ ਵਿਗਿਆਨ ਉੱਤੇ ਹਾਵੀ ਹੋ ਗਈ। ਸਰਕਾਰ ਅਤੇ ਸਿਹਤ ਸੰਸਥਾਵਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਭੰਬਲਭੂਸੇ ਨੂੰ ਸਰਗਰਮੀ ਨਾਲ ਦੂਰ ਕਰਨ। ਏਮਜ਼ ਅਤੇ ਆਈਸੀਐਮਆਰ ਵਰਗੇ ਸੰਸਥਾਨਾਂ ਤੋਂ ਤੱਥ-ਅਧਾਰਤ ਖੋਜਾਂ ਨੂੰ ਵੈੱਬਸਾਈਟਾਂ ਜਾਂ ਪ੍ਰੈਸ ਰਿਲੀਜ਼ਾਂ ਤੱਕ ਸੀਮਤ ਨਹੀਂ ਰੱਖਿਆ ਜਾਣਾ ਚਾਹੀਦਾ, ਸਗੋਂ ਹਰ ਪਿੰਡ ਵਿੱਚ ਪ੍ਰਸਾਰਿਤ ਕੀਤਾ ਜਾਣਾ ਚਾਹੀਦਾ ਹੈ। ਆਸ਼ਾ ਅਤੇ ਆਂਗਣਵਾੜੀ ਵਰਕਰਾਂ ਨੂੰ ਸਿਖਲਾਈ ਦੇਣ ਨਾਲ ਵਿਗਿਆਨਕ ਜਾਣਕਾਰੀ ਦਾ ਪ੍ਰਸਾਰ ਕਰਨ ਲਈ ਸ਼ਕਤੀਸ਼ਾਲੀ ਚੈਨਲ ਬਣ ਸਕਦੇ ਹਨ, ਖਾਸ ਕਰਕੇ ਉਨ੍ਹਾਂ ਖੇਤਰਾਂ ਵਿੱਚ ਜਿੱਥੇ ਸਿਹਤ ਸਾਖਰਤਾ ਘੱਟ ਹੈ। ਰਾਜਨੀਤਿਕ ਲੀਡਰਸ਼ਿਪ ਨੂੰ ਵੀ ਸੰਜਮ ਵਰਤਣਾ ਚਾਹੀਦਾ ਹੈ - ਵਿਗਿਆਨਕ ਆਧਾਰ ਤੋਂ ਬਿਨਾਂ ਬਿਆਨ ਜਨਤਕ ਵਿਸ਼ਵਾਸ ਨੂੰ ਕਮਜ਼ੋਰ ਕਰਦੇ ਹਨ ਅਤੇ ਸਿਹਤ ਨੀਤੀਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ।

'ਟੀਕਾ ਉਲਟਾਉਣ' ਜਾਂ 'ਡੀਟੌਕਸ' ਦੇ ਸੱਦੇ ਪੂਰੀ ਤਰ੍ਹਾਂ ਗੈਰ-ਵਿਗਿਆਨਕ ਹਨ। ਆਧੁਨਿਕ ਦਵਾਈ ਕੋਲ ਸਮੇਂ ਦੇ ਨਾਲ ਟੀਕੇ ਦੀ ਪ੍ਰਭਾਵਸ਼ੀਲਤਾ ਨੂੰ ਸਾਬਤ ਕਰਨ ਲਈ ਕੋਈ ਸਿਧਾਂਤ ਨਹੀਂ ਹੈ। ਇਸ ਦੀ ਬਜਾਏ, ਇੱਕ ਵਿਆਪਕ ਦਿਲ ਦੀ ਸਿਹਤ ਮੁਹਿੰਮ ਦੀ ਲੋੜ ਹੈ - ਨਿਯਮਤ ਸ਼ੁਰੂਆਤੀ ਜਾਂਚ, ਬਲੱਡ ਪ੍ਰੈਸ਼ਰ ਅਤੇ ਕੋਲੈਸਟ?ਰੋਲ ਨਿਗਰਾਨੀ, ਇੱਕ ਸੰਤੁਲਿਤ ਖੁਰਾਕ, ਯੋਗਾ ਅਤੇ ਨਿਯਮਤ ਕਸਰਤ - ਇਸਨੂੰ ਇੱਕ ਜਨ ਅੰਦੋਲਨ ਬਣਾਉਣਾ। ਇਹ ਦਿਲ ਦੇ ਦੌਰੇ ਦੀ ਰੋਕਥਾਮ ਦਾ ਅਸਲ ਰਸਤਾ ਹੈ।

ਅੱਜ ਦੇ ਡਿਜੀਟਲ ਯੁੱਗ ਵਿੱਚ, ਅਫਵਾਹਾਂ ਬਿਜਲੀ ਦੀ ਗਤੀ ਨਾਲ ਫੈਲਦੀਆਂ ਹਨ, ਜਦੋਂ ਕਿ ਸੱਚ ਮੁਕਾਬਲਤਨ ਹੌਲੀ-ਹੌਲੀ ਯਾਤਰਾ ਕਰਦਾ ਹੈ। ਫਿਰ ਵੀ, ਲੰਬੇ ਸਮੇਂ ਵਿੱਚ, ਵਿਗਿਆਨ ਦਾ ਰਸਤਾ ਸਭ ਤੋਂ ਟਿਕਾਊ ਸਾਬਤ ਹੁੰਦਾ ਹੈ। ਏਮਜ਼ ਅਤੇ ਆਈਸੀਐਮਆਰ ਦੇ ਅਧਿਐਨਾਂ ਨੇ ਸਰਬਸੰਮਤੀ ਨਾਲ ਸਿੱਟਾ ਕੱਢਿਆ ਹੈ: ਕੋਵਿਡ ਟੀਕੇ ਸੁਰੱਖਿਅਤ ਹਨ ਅਤੇ ਅਚਾਨਕ ਹੋਣ ਵਾਲੀਆਂ ਮੌਤਾਂ ਨਾਲ ਇਸਦਾ ਕੋਈ ਸਿੱਧਾ ਸਬੰਧ ਨਹੀਂ ਹੈ। ਟੀਕੇ ਦੋਸਤ ਹਨ, ਦੁਸ਼ਮਣ ਨਹੀਂ। ਭਾਰਤ ਨੇ ਸਮੂਹਿਕ ਯਤਨਾਂ ਰਾਹੀਂ ਕੋਵਿਡ ਵਰਗੀ ਬੇਮਿਸਾਲ ਮਹਾਂਮਾਰੀ 'ਤੇ ਕਾਬੂ ਪਾ ਲਿਆ ਹੈ। ਹੁਣ, ਅਗਲੀ ਚੁਣੌਤੀ ਅਫਵਾਹਾਂ, ਡਰ ਅਤੇ ਸਾਜ਼ਿਸ਼ ਸਿਧਾਂਤਾਂ ਦਾ ਮੁਕਾਬਲਾ ਕਰਨ ਦੀ ਹੈ। ਦਿਲ ਦੇ ਦੌਰੇ ਨੂੰ ਰੋਕਣ ਲਈ ਸਭ ਤੋਂ ਪ੍ਰਭਾਵਸ਼ਾਲੀ ÷ਟੀਕਾ÷ ਜਾਗਰੂਕਤਾ ਹੈ - ਵਿਗਿਆਨਕ ਸੋਚ, ਸਹੀ ਜਾਣਕਾਰੀ ਅਤੇ ਜ਼ਿੰਮੇਵਾਰ ਸੰਚਾਰ। ਟੀਕਿਆਂ ਨੂੰ ਬਦਨਾਮ ਕਰਕੇ, ਅਸੀਂ ਨਾ ਸਿਰਫ਼ ਵਿਗਿਆਨ ਦਾ ਅਪਮਾਨ ਕਰਦੇ ਹਾਂ, ਸਗੋਂ ਆਪਣੀ ਭਵਿੱਖ ਦੀ ਸਿਹਤ ਨੂੰ ਵੀ ਖ਼ਤਰੇ ਵਿੱਚ ਪਾਉਂਦੇ ਹਾਂ। ਇਹ ਸਮਾਂ ਹੈ ਕਿ ਡਰ ਦੀ ਬਜਾਏ ਡੇਟਾ 'ਤੇ ਭਰੋਸਾ ਕੀਤਾ ਜਾਵੇ, ਅਤੇ ਮਿੱਥਾਂ 'ਤੇ ਡਾਕਟਰੀ ਵਿਗਿਆਨ ਨੂੰ ਅਪਣਾਇਆ ਜਾਵੇ।

**- ਡਾ. ਸਤਿਆਵਾਨ ਸੌਰਭ**
**(ਡਾ. ਸਤਿਆਵਾਨ ਸੌਰਭ,**
**ਪੀਐਚਡੀ (ਰਾਜਨੀਤੀ ਵਿਗਿਆਨ),**
**ਇੱਕ ਕਵੀ ਅਤੇ ਸਮਾਜਿਕ ਚਿੰਤਕ ਹਨ।)**
**ਸੰਪਰਕ** : 94665-26148

# ਕੂਟਨੀਤੀ ਦੇ ਬਦਲ ਰਹੇ ਸਮੀਕਰਨ

ਜ਼ਿਕਰ ਪੰਜਾਬ

ਰਾਜਨੀਤੀ ਦੀ ਖੇਡ ਵੀ ਛੇਤੀ ਕੀਤਿਆਂ ਆਮ ਬੰਦੇ ਦੇ ਸਮਝ ਦੇ ਵਿੱਚ ਨਹੀ ਆਉਂਦੀ,ਪਰ ਜਿਹੜੇ ਮਾਮਲਿਆਂ ਵਿੱਚ ਰਾਜਨੀਤੀ ਅਤੇ ਕੂਟਨੀਤੀ ਇੱਕ ਜੁੱਟਤਾ ਨਾਲ ਅੱਗੇ ਵੱਧਦੀਆਂ ਹਨ, ਤਾਂ ਅਜਿਹੇ ਮਾਮਲੇ ਆਮ ਨਹੀ ਰਹਿੰਦੇ,ਬਲਕਿ ਬੇਹੱਦ ਗੰਭੀਰ ਅਤੇ ਚਿੰਤਾਜਨਕ ਹੋ ਜਾਂਦੇ ਹਨ। ਜੇਕਰ ਰਾਜਨੀਤੀ ਅੱਗ ਦਾ ਭਾਂਬੜ ਹੈ ਤਾਂ ਕੂਟਨੀਤੀ ਉਸ ਅੱਗ ਚੋਂ ਨਿਕਲਦਾ ਧੂੰਆ ਹੈ,ਜਿਹੜਾ ਅੱਗੇ ਦੇ ਸੇਕ ਤੋ ਦੂਰ ਜਾਕੇ ਵੀ ਮਾਰ ਕਰਦਾ ਹੈ। ਕੂਟਨੀਤੀ ਮੈਦਾਨ ਦੀ ਜੰਗ ਨਹੀਂ ਹੁੰਦੀ ਬਲਕਿ ਮੇਜ਼ ਦੀ ਗੱਲ ਬਾਤ ਹੁੰਦੀ ਹੈ। ਇੱਥੇ ਤਲਵਾਰਾਂ ਨਹੀਂ ਖਿੱਚੀਆਂ ਜਾਂਦੀਆਂ, ਸਗੋਂ ਹੱਥ ਮਿਲਾਏ ਜਾਂਦੇ ਹਨ। ਪਰ ਹੱਥ ਮਿਲਾਉਣ ਸਮੇ ਆਪਸੀ ਮੁਸਕਾਨ ਦੇ ਪਿੱਛੇ ਲੁਕੇ ਨਾਪਾਕ ਇਰਾਦਿਆਂ ਦਾ ਹਿਸਾਬ ਵੀ ਰੱਖਿਆ ਜਾਂਦਾ ਹੈ। ਕੂਟਨੀਤੀ ਵਿੱਚ ਬੋਲਿਆ ਘੱਟ ਜਾਂਦਾ ਹੈ, ਸਮਝਿਆ ਵੱਧ ਜਾਂਦਾ ਹੈ। ਜੇ ਰਾਜਨੀਤੀ ਆਪਣੇ ਦੇਸ਼ ਦੇ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਹੈ,ਤਾਂ ਕੂਟਨੀਤੀ ਬਾਹਰਲੇ ਸੰਸਾਰ ਨਾਲ ਸੰਤੁਲਨ ਬਣਾਉਣ ਦੀ ਕਲਾ ਹੈ। ਰਾਜਨੀਤੀ ਭਾਵਨਾਵਾਂ ਨਾਲ ਖੇਡਦੀ ਹੈ, ਕੂਟਨੀਤੀ ਭਾਵਨਾਵਾਂ ਨੂੰ ਲੁਕਾ ਕੇ ਰੱਖਦੀ ਹੈ। ਰਾਜਨੀਤੀ ਵਿੱਚ ਅੱਗ ਦੇ ਪਲੀਤੇ ਬਾਲ ਕੇ ਭੀੜਾਂ ਨੂੰ ਗਰਮ ਕੀਤਾ ਜਾਂਦਾ ਹੈ। ਕੂਟਨੀਤੀ ਵਿੱਚ ਅੱਗ ਲੱਗੇ ਤਾਂ ਉਹਨੂੰ ਬੜੀ ਲੁਕਵੀਂ ਚਤੁਰਾਈ ਨਾਲ ਬਾਹਰੀ ਤੌਰ ਤੇ ਸ਼ਾਂਤ ਕੀਤਾ ਜਾਂਦਾ ਹੈ,ਜਦੋਂਕਿ ਅੰਦਰੂਨੀ ਤੌਰ ਤੇ ਉਹਦਾ ਛੇਕ ਪ੍ਰਚੰਡ ਰਹਿੰਦਾ ਹੈ। ਪਰ ਦੋਵੇਂ ਇੱਕ-ਦੂਜੇ ਤੋਂ ਅਲੱਗ ਨਹੀਂ,ਬਲਕਿ ਇੱਕ ਦੂਜੇ ਦੇ ਪੂਰਕ ਹਨ। ਰਾਜਨੀਤੀ ਰਸਤਾ ਤੈਅ ਕਰਦੀ ਹੈ, ਕੂਟਨੀਤੀ ਉਸ ਰਸਤੇ ਨੂੰ ਪੱਥਰਾਂ ਤੋਂ ਬਚਾਉਂਦੀ ਹੈ।ਰਾਜਨੀਤੀ ਨੀਤੀ ਬਣਾਉਂਦੀ ਹੈ, ਕੂਟਨੀਤੀ ਉਸ ਨੀਤੀ ਨੂੰ ਦੁਨੀਆ ਅੱਗੇ ਵੇਚਦੀ ਹੈ। ਰਾਜਨੀਤੀ ਅੱਗ ਨਾਲ ਖੇਡਦੀ ਹੈ ਅਤੇ ਕੂਟਨੀਤੀ ਉਸ ਅੱਗ ਨੂੰ ਭਾਂਬੜ ਬਣ ਜਾਣ ਤੋ ਬਾਅਦ ਕੰਟਰੋਲ ਕਰਨ ਵਾਲੀ ਹਵਾ ਹੈ,ਭਾਵ ਕਿ ਜੇਕਰ ਇੱਕ ਉਬਾਲ ਹੈ ਤਾਂ ਦੂਜਾ ਸੰਤੁਲਨ ਹੈ। ਕੂਟਨੀਤੀ ਉਹ ਹਿੰਮਤ ਹੈ ਜਿਸ ਨਾਲ ਬਿਨਾਂ ਗੋਲੀ ਚਲਾਏ ਆਪਣੇ ਮਕਸਦ ਹਾਸਲ ਕੀਤੇ ਜਾਂਦੇ ਹਨ, ਪਰ ਜਿਸ ਤਰਾਂ ਦਾ ਵਰਤਾਰਾ ਆਪਣੇ ਹੀ ਦੇਸ਼ ਦੇ ਵਿਰੋਧੀ ਵਿਚਾਰ ਰੱਖਣ ਵਾਲੇ, ਵਿਰੋਧੀ ਸੋਚ ਰੱਖਣ ਵਾਲੇ ਲੋਕਾਂ ਦੇ ਵਿਰੁੱਧ ਭਾਰਤੀ ਕੂਟਨੀਤੀ ਦਾ ਸਾਹਮਣੇ ਆਇਆਂ ਹੈ, ਇਹ ਬੇਹੱਦ ਮਾੜਾ, ਖ਼ਤਰਨਾਕ ਅਤੇ ਬੇਈਮਾਨੀ ਵਾਲਾ ਹੈ। ਇਸ ਨੇ ਕੂਟਨੀਤੀ ਨੂੰ ਸਿੱਧੇ ਰੂਪ ਵਿੱਚ ਅੰਤਰਰਾਸ਼ਟਰੀ ਕਾਤਲ ਗਰੋਹ ਬਣਾ ਦਿੱਤਾ ਹੈ। ਅਮਰੀਕਾ ਦੀ ਇੱਕ ਫੈਡਰਲ ਅਦਾਲਤ ਵਿੱਚ 13 ਫਰਵਰੀ 2026 ਨੂੰ ਜਦੋਂ ਨਿਖਿਲ ਗੁਪਤਾ ਨੇ ਤਿੰਨ ਗੰਭੀਰ ਅਪਰਾਧਿਕ ਦੋਸ਼ਾਂ ਨੂੰ ਮੰਨਣ ਦੀ ਗੱਲ ਕਬੂਲ ਕੀਤੀ, ਇਸ ਸਾਜ਼ਿਸ਼ ਵਿੱਚ ਸ਼ਾਮਲ ਸਾਬਕਾ ਭਾਰਤੀ ਅਧਿਕਾਰੀ ਵਿਕਾਸ ਯਾਦਵ ਅਜੇ ਭਾਰਤ ਵਿਚ ਹੈ ਅਤੇ ਅਮਰੀਕੀ ਜਾਂਚ ਏਜੰਸੀ ਐਫ.ਬੀ.ਆਈ ਵੱਲੋਂ ਲੋੜੀਂਦਾ ਘੋਸਿਤ ਕੀਤਾ ਹੋਇਆ ਹੈ। ਇਹ ਕੋਈ ਆਮ ਗੱਲ ਨਹੀ ਸੀ ਅਤੇ ਨ ਹੀ ਨਿਖਲ ਗੁਪਤਾ ਕੋਈ ਆਮ ਦੋਸ਼ੀ ਵਜੋਂ ਅਦਾਲਤ ਸਾਹਮਣੇ ਖੜਾ ਸੀ ਜਿਸ ਨੇ ਕੋਈ ਆਪਣਾ ਛੋਟਾ ਮੋਟਾ ਗੁਨਾਹ ਕਬੂਲ ਕੀਤਾ ਹੋਵੇ,ਬਲਕਿ ਨਿਖਲ ਗੁਪਤਾ ਭਾਰਤੀ ਕੂਟਨੀਤੀ ਦੀ ਪ੍ਰਤੀਨਿਧਤਾ ਦਾ ਪਰਤੀਕ ਹੈ। ਨਿਖਲ ਗੁਪਤਾ ਦੀ ਇਸ ਕਾਰਵਾਈ ਨੇ ਜਿੱਥੇ ਹੁਣ ਤੱਕ ਸਿੱਖ ਜਥੇਬੰਦੀਆਂ ਵੱਲੋਂ ਪਰਗਟ ਕੀਤੇ ਜਾ ਰਹੇ ਖਦਸ਼ਿਆਂ ਨੂੰ ਸੱਚ ਸਾਬਤ ਕਰ ਦਿੱਤਾ ਹੈ,ਉਥੇ ਉਹਦੀ ਇਸ ਕਾਰਵਾਈ ਨੇ ਭਾਰਤੀ ਤੰਤਰ ਨੂੰ ਕਟਹਿਰੇ ਵਿੱਚ ਖੜਾ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਈ ਹੈ। ਮਾਮਲਾ ਅਮਰੀਕਾ ਵਿੱਚ ਰਹਿੰਦੇ ਖ਼ਾਲਿਸਤਾਨ ਹਮਾਇਤੀ ਕਾਰਕੁਨ ਗੁਰਪਤਵੰਤ ਸਿੰਘ ਪੰਨੂ ਦੇ ਕਥਿਤ ਕਤਲ ਦੀ ਸਾਜ਼ਿਸ਼ ਦੇ ਕਬੂਲ ਨਾਮੇ ਦਾ ਹੈ।ਇਸ ਸਾਜ਼ਿਸ਼ੀ ਕਬੂਲ ਨਾਮੇ ਨੇ ਘੱਟ ਗਿਣਤੀ ਸਿੱਖ ਭਾਈਚਾਰੇ ਨੂੰ ਫ਼?ਕਰ ਮੰਦ ਕੀਤਾ ਹੈ, ਕਿਉਂਕਿ ਇਸ ਸਿੱਖ ਵਿਰੋਧੀ ਵਰਤਾਰੇ ਵਿੱਚ ਭਾਰਤੀ ਕੂਟਨੀਤੀ ਦਾ ਅਸਲੀ ਚਿਹਰਾ ਨੰਗਾ ਹੋ ਗਿਆ ਹੈ। ਕਿਰਾਏ 'ਤੇ ਕਤਲ ਦੀ ਸਾਜ਼ਿਸ਼, ਕਿਰਾਏ 'ਤੇ ਕਤਲ ਅਤੇ ਮਨੀ ਲਾਂਡਰਿੰਗ ਦੀ ਸਾਜ਼ਿਸ਼ ਦਾ ਕਬੂਲ ਨਾਮਾ,ਅਮਰੀਕੀ ਅਟਾਰਨੀ ਦਫ਼ਤਰ ਦੇ ਮੁਤਾਬਕ ਇਨ੍ਹਾਂ ਦੋਸ਼ਾਂ ਲਈ 40 ਸਾਲ ਤੱਕ ਦੀ ਸੰਯੁਕਤ ਸਜ਼ਾ ਹੋ ਸਕਦੀ ਹੈ। ਪਰ ਇਸ ਮਾਮਲੇ ਦੀ ਗੂੰਜ ਸਿਰਫ਼ ਕਾਨੂੰਨੀ ਪੰਨਿਆਂ ਤੱਕ ਸੀਮਿਤ ਨਹੀਂ ਰਹੀ; ਇਹ ਕੂਟਨੀਤਿਕ ਦਫ਼ਤਰਾਂ, ਪ੍ਰਵਾਸੀ ਸਿੱਖਾਂ ਦੇ ਘਰਾਂ ਅਤੇ ਰਾਜਨੀਤਿਕ ਮੰਚਾਂ ਤੱਕ ਫੈਲ ਗਈ। ਅਮਰੀਕੀ ਪ੍ਰੋਸੀਕਿਊਟਰਾਂ ਨੇ ਦਲੀਲ ਦਿੱਤੀ ਕਿ ਨਿਖਿਲ ਗੁਪਤਾ ਨੇ ਭਾਰਤੀ ਸਰਕਾਰੀ ਅਧਿਕਾਰੀਆਂ ਨਾਲ ਮਿਲ ਕੇ ਨਿਊਯਾਰਕ ਸਿਟੀ ਵਿੱਚ ਗੁਰਪਤਵੰਤ ਸਿੰਘ ਪੰਨੂ ਦੀ ਹਤਿਆ ਦੀ ਯੋਜਨਾ ਘੜੀ ਸੀ। ਕਥਿਤ ਤੌਰ 'ਤੇ ਇੱਕ ਕਿਰਾਏ ਦੇ ਕਾਤਲ ਦੀ ਭਰਤੀ, ਰਕਮ ਦੇ ਲੈਣ-ਦੇਣ ਅਤੇ ਇਲੈਕਟ੍ਰਾਨਿਕ ਸੰਚਾਰ ਇਸ ਯੋਜਨਾ ਦਾ ਹਿੱਸਾ ਸਨ। ਜ਼ਿਕਰ ਏ ਖਾਸ ਹੈ ਕਿ ਅਮਰੀਕਾ ਨਿਵਾਸੀ ਗੁਰਪਤਵੰਤ ਸਿੰਘ ਪੰਨੂ ਦੋਹਰੇ ਅਮਰੀਕੀ-ਕੈਨੇਡੀਅਨ ਨਾਗਰਿਕ ਹਨ ਅਤੇ ਉਹ ਲੰਮੇ ਸਮੇਂ ਤੋਂ ਭਾਰਤ ਸਰਕਾਰ ਦੇ ਨਿਸ਼ਾਨੇ 'ਤੇ ਰਹੇ ਹਨ। ਉਨ੍ਹਾਂ ਉੱਤੇ ਭਾਰਤ ਵਿੱਚ ਗੰਭੀਰ ਦੋਸ਼ ਦਰਜ ਹਨ, ਜਦਕਿ ਉਨ੍ਹਾਂ ਦੇ ਹਮਾਇਤੀ ਉਨ੍ਹਾਂ ਨੂੰ ਰਾਜਨੀਤਿਕ ਅਧਿਕਾਰਾਂ ਦੀ ਆਵਾਜ਼ ਕਹਿੰਦੇ ਹਨ।ਇਸ ਮਾਮਲੇ ਨੇ ਇੱਕ ਵੱਡਾ ਸਵਾਲ ਖੜਾ ਕੀਤਾ ਹੈ,ਕਿ ਕੀ 21ਵੀਂ ਸਦੀ ਵਿੱਚ ਰਾਜਨੀਤਿਕ ਅਸਹਿਮਤੀ ਸਰਹੱਦਾਂ ਤੋਂ ਪਰੇ ਜਾ ਕੇ ਖ਼ਤਰਨਾਕ ਰੂਪ ਧਾਰਨ ਕਰ ਰਹੀ ਹੈ ਅਤੇ ਕੂਟਨੀਤੀ ਗੁਪਤ ਮਾਰੂ ਕਾਰਵਾਈਆਂ ਦੇ ਰੂਪ ਵਿੱਚ ਬਦਲ ਰਹੀ ਹੈ ? ਇਹ ਕੇਸ ਇਕੱਲਾ ਨਹੀਂ। ਕੈਨੇਡਾ ਵਿੱਚ ਸਿੱਖ ਕਾਰਕੁਨ ਹਰਦੀਪ ਸਿੰਘ ਨਿਝਰ ਦੀ ਹੱਤਿਆ ਤੋਂ ਬਾਅਦ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੰਸਦ ਵਿੱਚ ਦੋਸ਼ ਲਗਾਇਆ ਸੀ ਕਿ ਇਸ ਵਿੱਚ ਭਾਰਤੀ ਏਜੰਟਾਂ ਦੀ ਸੰਭਾਵਿਤ ਭੂਮਿਕਾ ਬਾਰੇ ਭਰੋਸੇਯੋਗ ਜਾਣਕਾਰੀ ਹੈ,ਪਰੰਤੂ ਭਾਰਤ ਨੇ ਇਹ ਦੋਸ਼ ਨਕਾਰ ਦਿੱਤੇ ਸਨ।ਇੰਗਲੈਂਡ ਵਿੱਚ ਅਵਤਾਰ ਸਿੰਘ ਖੰਡੇ ਦੀ ਮੌਤ ਅਤੇ ਪਾਕਿਸਤਾਨ ਵਿੱਚ ਕੁਝ ਸਿੱਖ ਕਾਰਕੁਨਾਂ ਦੇ ਕਤਲਾਂ ਨੇ ਵੀ ਪ੍ਰਵਾਸੀ ਭਾਈਚਾਰੇ ਵਿੱਚ ਬੇਚੈਨੀ ਪੈਦਾ ਕੀਤੀ। ਹਾਲਾਂਕਿ ਹਰ ਮਾਮਲੇ ਦੀ ਆਪਣੀ ਅਲੱਗ ਜਾਂਚ ਅਤੇ ਕਾਨੂੰਨੀ ਸਥਿਤੀ ਹੈ, ਪਰ ਦੁਨੀਆ ਪੱਧਰ ਤੇ ਸਿੱਖਾਂ ਦੇ ਮਾਮਲੇ ਵਿੱਚ ਸੁਰੱਖਿਆ ਦਾ ਸੰਕਟ ਦਰਪੇਸ਼ ਹੈ। ਅਮਰੀਕੀ ਕਾਨੂੰਨ ਵਿੱਚ ਕਿਰਾਏ 'ਤੇ ਕਤਲ ਦੀ ਸਾਜ਼ਿਸ਼ ਇੱਕ ਭਾਰੀ ਅਪਰਾਧ ਹੈ। ਜੇ ਦੋਸ਼ ਅੰਤਿਮ ਤੌਰ 'ਤੇ ਕਾਇਮ ਰਹਿੰਦੇ ਹਨ, ਤਾਂ ਸਜ਼ਾ ਲੰਮੀ ਅਤੇ ਸਖ਼ਤ ਹੋ ਸਕਦੀ ਹੈ। ਇਸ ਮਾਮਲੇ ਨੇ ਅਮਰੀਕਾ ਅਤੇ ਭਾਰਤ ਸੰਬੰਧਾਂ ਨੂੰ ਇੱਕ ਨਵੀਂ ਪਰਖ 'ਚ ਖੜਾ ਕਰ ਦਿੱਤਾ ਹੈ।ਇੱਕ ਪਾਸੇ ਦੋਵੇਂ ਦੇਸ਼ ਇੰਡੋ-ਪੈਸਿਫਿਕ ਰਣਨੀਤੀ, ਰੱਖਿਆ ਸਹਿਯੋਗ ਅਤੇ ਵਪਾਰ ਵਿੱਚ ਭਾਗੀਦਾਰ ਹਨ; ਦੂਜੇ ਪਾਸੇ ਅਜਿਹੇ ਗੰਭੀਰ ਦੋਸ਼ ਭਰੋਸੇ ਦੀ ਤੰਦ ਨੂੰ ਕਮਜ਼ੋਰ ਕਰ ਸਕਦੇ ਹਨ। ਜਦੋਂ ਦੋਸਤ ਦੇਸ਼ ਦੀ ਧਰਤੀ 'ਤੇ ਕਿਸੇ ਪ੍ਰਵਾਸੀ ਆਗੂ ਦੇ ਕਥਿਤ ਕਤਲ ਦੀ ਯੋਜਨਾ ਦੀ ਗੱਲ ਉਠੇ, ਤਾਂ ਕੂਟਨੀਤੀ ਦੀ ਭਾਸ਼ਾ ਭਾਂਵੇਂ ਨਰਮ ਰਹਿੰਦੀ ਹੈ ਪਰ ਅੰਦਰੋਂ ਅੰਦਰ ਤਣਾਅ ਗਹਿਰਾ ਹੋ ਜਾਂਦਾ ਹੈ। ਵਿਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਲਈ ਇਹ ਮਾਮਲੇ ਸਿਰਫ਼ ਖ਼ਬਰਾਂ ਨਹੀਂ,ਇਹ ਉਨ੍ਹਾਂ ਦੇ ਅਧਿਕਾਰਾਂ,ਵਿਚਾਰਾਂ ਦੀ ਆਜ਼ਾਦੀ ਅਤੇ ਜਾਨ ਦੀ ਸੁਰੱਖਿਆ ਨਾਲ ਜੁੜੇ ਹੋਏ ਹਨ। ਵੱਖ ਵੱਖ ਸਿੱਖ ਸੰਗਠਨਾਂ ਨੇ ਪੂਰੀ ਅਤੇ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਇਹ ਵੀ ਯਾਦ ਰੱਖਣਾ ਲਾਜ਼ਮੀ ਹੈ ਕਿ ਦੋਸ਼ ਸਾਬਤ ਹੋਣ ਤੱਕ ਹਰ ਵਿਅਕਤੀ ਨੂੰ ਬੇਦੋਸ਼ ਮੰਨਿਆ ਜਾਣਾ ਕਾਨੂੰਨ ਦਾ ਮੂਲ ਸਿਧਾਂਤ ਹੈ,ਜਿਸਦੀ ਪਾਲਣਾ ਭਾਰਤ ਵਰਗੇ ਮੁਲਕ ਵਿੱਚ ਤਾਂ ਭਾਵੇਂ ਨਹੀ ਕੀਤੀ ਜਾਂਦੀ ਪਰ ਕਨੇਡਾ ਅਮਰੀਕਾ ਸਮੇਤ ਦੁਨੀਆ ਦੇ ਬਹੁਤ ਸਾਰੇ ਮੁਲਕ ਇਸ ਸਿਧਾਂਤ ਨੂੰ ਜਿਉਂਦਾ ਰੱਖਣ ਲਈ ਸੰਜੀਦਾ ਹਨ।ਨਿਖਿਲ ਗੁਪਤਾ ਦੀ ਕਬੂਲੀਅਤ ਦੇ ਬਾਵਜੂਦ ਸਜ਼ਾ ਸੁਣਾਉਣ ਅਤੇ ਹੋਰ ਕਾਨੂੰਨੀ ਕਾਰਵਾਈ ਅਜੇ ਬਾਕੀ ਹੈ। ਇਹ ਇੱਕ ਅਜਿਹੀ ਕਹਾਣੀ ਹੈ ਜਿਸ ਵਿੱਚ ਪਾਤਰ ਸਿਰਫ਼ ਆਮ ਮਨੁੱਖ ਜਾਂ ਆਮ ਮੁਲਜ਼ਮ ਨਹੀਂ ਰਹਿੰਦੇ ,ਸਗੋਂ ਉਹ ਰਾਜਨੀਤਿਕ ਵਿਚਾਰਧਾਰਾਵਾਂ ਦੇ ਪ੍ਰਤੀਕ ਬਣ ਜਾਂਦੇ ਹਨ। ਅਦਾਲਤ ਦੀ ਇੱਕ ਕਬੂਲੀਅਤ ਕਈ ਦੇਸ਼ਾਂ ਦੇ ਰਿਸ਼ਤਿਆਂ ਦੀ ਦਿਸ਼ਾ ਬਦਲ ਸਕਦੀ ਹੈ। ਹੁਣ ਸਾਰੀ ਨਜ਼ਰ ਅਦਾਲਤ ਦੇ ਅੰਤਿਮ ਫ਼ੈਸਲੇ ਅਤੇ ਸੰਭਾਵਿਤ ਕੂਟਨੀਤਿਕ ਪ੍ਰਭਾਵਾਂ 'ਤੇ ਹੈ,ਕਿ ਕੀ ਇਹ ਮਾਮਲਾ ਸਿਰਫ਼ ਇੱਕ ਵਿਅਕਤੀ ਦੀ ਕਬੂਲੀਅਤ 'ਤੇ ਖਤਮ ਹੋਵੇਗਾ ਜਾਂ ਇਸ ਤੋਂ ਵੱਡੀਆਂ ਜਾਂਚਾਂ ਦਾ ਦਰਵਾਜ਼ਾ ਖੁੱਲੇਗਾ? ਇੱਕ ਗੱਲ ਨਿਸ਼ਚਿਤ ਹੈ,ਇਹ ਘਟਨਾ 21ਵੀਂ ਸਦੀ ਦੀ ਰਾਜਨੀਤੀ ਦਾ ਉਹ ਅਧਿਆਇ ਬਣ ਚੁੱਕੀ ਹੈ ਜਿਸ ਵਿੱਚ ਕਾਨੂੰਨ, ਜਾਸੂਸੀ, ਪ੍ਰਵਾਸੀ ਪਹਿਚਾਣ ਅਤੇ ਰਾਜਸੀ ਸੁਰੱਖਿਆ ਇੱਕ ਹੀ ਪੰਨੇ 'ਤੇ ਲਿਖੇ ਜਾ ਰਹੇ ਹਨ।ਇਹ ਕਹਾਣੀ ਅਜੇ ਅਧੂਰੀ ਹੈ। ਪਰ ਇਸ ਦੀ ਗੂੰਜ ਦੁਨੀਆ ਦੀਆਂ ਕਈ ਰਾਜਧਾਨੀਆਂ ਵਿੱਚ ਸੁਣੀ ਜਾ ਰਹੀ ਹੈ।ਕੁੱਝ ਵੀ ਹੋਵੇ ਅਮਰੀਕਾ ਦੀਆਂ ਖੁਫ਼ੀਆਂ ਜਾਂਚ ਏਜੰਸੀਆਂ ਦੀ ਬਦੌਲਤ ਨਿਖ਼?ਲ ਗੁਪਤਾ ਦੇ ਕਬੂਲ-ਨਾਮੇ ਨੇ ਭਾਰਤ ਦੇ ਸਿੱਖ ਘੱਟ ਗਿਣਤੀ ਪ੍ਰਤੀ ਨਜ਼ਰੀਏ ਅਤੇ ਸਿੱਖ ਹਿਤਾਂ ਦੀ ਗੱਲ ਨੂੰ ਬਾ ਦਲੀਲ? ਦੁਨੀਆ ਸਾਹਮਣੇ ਰੱਖ ਸਕਣ ਦੀ ਯੋਗਤਾ ਰੱਖਣ ਵਾਲੇ ਸਿੱਖਾਂ ਪ੍ਰਤੀ ਵਰਤੇ ਜਾਂਦੇ ਮਾਰੂ ਵਰਤਾਰੇ ਨੂੰ ਜੱਗ ਜ਼ਾਹਰ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ ਹੈ।ਇਸ ਨੈਰੇਟਿਵ ਨੂੰ ਤੋੜ ਦੇਣ ਦੀ ਕਾਬਲੀਅਤ ਅਤੇ ਹਿੰਮਤ ਰੱਖਣ ਵਾਲੇ ਅਮਰੀਕਨ ਸਟੇਟ ਦੀ ਸ਼ਲਾਘਾ ਵੀ ਕਰਨੀ ਬਣਦੀ ਹੈ,ਜਿਸ ਨੇ ਭਾਰਤ ਵਰਗੀ ਮੰਡੀ ਦੇ ਖੁੱਸ ਜਾਣ ਦੀ ਬਗੈਰ ਪ੍ਰਵਾਹ ਕੀਤਿਆਂ ਨਿਖ਼?ਲ ਗੁਪਤਾ ਤੇ ਸਿਕੰਜਾ ਕੱਸ ਕੇ ਸਿੱਖਾਂ ਦੀ ਜਾਨ ਮਾਲ ਦੀ ਰਾਖੀ ਦਾ ਦਾਮਨ ਭਰਿਆ ਹੈ,ਓਥੇ ਭਾਰਤੀ ਕੂਟਨੀਤੀ ਨੂੰ ਸਿੱਧੇ ਰੂਪ ਵਿੱਚ ਚਿਤਾਵਨੀ ਵੀ ਦੇ ਦਿੱਤੀ ਹੈ।ਸੋ ਕਨੇਡਾ ਅਤੇ ਅਮਰੀਕਾ ਦੇ ਸਿੱਖਾਂ ਪ੍ਰਤੀ ਹਾਂ ਪੱਖੀ ਨਜ਼ਰੀਏ ਤੋ ਬਾਅਦ ਸਿੱਖਾਂ ਦੇ ਕਤਲਾਂ ਵਿੱਚ ਖੜੋਤ ਆਈ ਹੈ,ਇਸ ਲਈ ਇਹ ਆਸ ਕੀਤੀ ਜਾ ਰਹੀ ਹੈ ਕਿ ਭਵਿੱਖ ਵਿੱਚ ਵੀ ਇਸ ਸਿੱਖ ਵਿਰੋਧੀ ਬਿਰਤਾਂਤ ਨੂੰ ਬਲ ਨਹੀ ਮਿਲੇਗਾ।



ਬਘੇਲ ਸਿੰਘ ਧਾਲੀਵਾਲ

**ਸੰਪਰਕ** : 99142-58142

# ਭਗਵੰਤ ਮਾਨ ਸਰਕਾਰ ਦੀ ਸਿੱਖਿਆ ਕ੍ਰਾਂਤੀ ਦੇ ਇਤਿਹਾਸਕ ਨਤੀਜੇ ਸਾਹਮਣੇ ਆਉਣ ਲੱਗੇ, ਸਰਕਾਰੀ ਸਕੂਲਾਂ ਦੇ 305 ਵਿਦਿਆਰਥੀ ਨੇ ਪਾਸ ਕੀਤਾ ਜੇ.ਈ.ਈ. ਮੇਨਜ਼ : ਹਰਜੋਤ ਸਿੰਘ ਬੈਂਸ

ਜ਼ਿਕਰ ਪੰਜਾਬ

**ਚੰਡੀਗੜ੍ਹ** : ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਪੰਜਾਬ ਭਵਨ ਵਿਖੇ ਹੋਈ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਵਿੱਦਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਨਿਰੰਤਰ ਸੁਧਾਰਾਂ ਸਦਕਾ ਸੂਬੇ ਦੇ ਸਰਕਾਰੀ ਸਕੂਲਾਂ ਦੇ 305 ਵਿਦਿਆਰਥੀਆਂ ਨੇ ਪਹਿਲੀ ਕੋਸ਼ਿਸ਼ ਵਿੱਚ ਹੀ ਜੁਆਇੰਟ ਐਂਟਰੈਂਸ ਪ੍ਰੀਖਿਆ (ਜੇ.ਈ.ਈ.) ਮੇਨਜ਼- 2026 ਪਾਸ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ, ਜੋ ਕਿ ਪਿਛਲੇ ਸਾਲ ਦੇ 187 ਸਫਲ ਉਮੀਦਵਾਰਾਂ ਨਾਲੋਂ 63 ਫੀਸਦੀ ਦੇ ਸ਼ਾਨਦਾਰ ਵਾਧੇ ਨੂੰ ਦਰਸਾਉਂਦੀ ਹੈ। ਉਨ੍ਹਾਂ ਨੇ ਇਸ ਪ੍ਰਾਪਤੀ ਨੂੰ ਸੂਬੇ ਦੀ ਸਕੂਲ ਸਿੱਖਿਆ ਪ੍ਰਣਾਲੀ ਲਈ ਇੱਕ ਅਹਿਮ ਤੇ ਇਤਿਹਾਸਕ ਪਲ ਦੱਸਿਆ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਉਨ੍ਹਾਂ ਦੇ ਹਲਕੇ ਸ੍ਰੀ ਆਨੰਦਪੁਰ ਸਾਹਿਬ ਦੇ ਪੰਜ ਵਿਦਿਆਰਥੀਆਂ ਨੇ ਵੀ ਇਹ ਵੱਕਾਰੀ ਪ੍ਰੀਖਿਆ ਪਾਸ ਕੀਤੀ ਹੈ। ਉਨ੍ਹਾਂ ਐਲਾਨ ਕੀਤਾ ਕਿ ਸਰਕਾਰ ਯੋਗ ਵਿਦਿਆਰਥੀਆਂ ਨੂੰ ਜੇ.ਈ.ਈ. ਐਡਵਾਂਸ ਦੀ ਤਿਆਰੀ ਲਈ ਤਿੰਨ ਹਫ਼ਤਿਆਂ ਦਾ ਵਿਸ਼ੇਸ਼ ਰਿਹਾਇਸ਼ੀ ਸਿਖਲਾਈ ਕੈਂਪ ਲਾਵੇਗੀ ਤਾਂ ਜੋ ਅਗਲੇ ਪੜਾਅ ਲਈ ਉਨ੍ਹਾਂ ਦਾ ਸਹੀ ਮਾਰਗਦਰਸ਼ਨ ਯਕੀਨੀ ਬਣਾਇਆ ਜਾ ਸਕੇ। ਸ. ਬੈਂਸ ਨੇ ਕਿਹਾ,"ਇਹ ਪ੍ਰਾਪਤੀ ਸਾਡੇ ਪੂਰੇ ਸਕੂਲ ਸਿੱਖਿਆ ਵਿਭਾਗ ਲਈ ਬਹੁਤ ਮਾਣ ਵਾਲੀ ਗੱਲ ਹੈ। ਮੈਂ ਆਪਣੇ ਸਾਰੇ ਸਮਰਪਿਤ ਅਧਿਆਪਕਾਂ ਦਾ ਦਿਲੋਂ ਧੰਨਵਾਦ ਕਰਦਾ ਹਾਂ। ਹਾਲ ਹੀ ਵਿੱਚ ਆਏ ਜੇ.ਈ.ਈ. ਮੇਨਜ਼ ਫੇਜ਼ 1 ਦੇ ਨਤੀਜਿਆਂ ਨੇ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਤਸਵੀਰ ਪੇਸ਼ ਕੀਤੀ ਹੈ , ਜਿਸ ਵਿੱਚ 305 ਵਿਦਿਆਰਥੀਆਂ ਨੇ ਪ੍ਰਤੀਯੋਗੀ ਇੰਜੀਨੀਅਰਿੰਗ ਪ੍ਰੀਖਿਆ ਪਾਸ ਕੀਤੀ ਹੈ। ਇਹ ਪ੍ਰਾਪਤੀ ਪਿਛਲੇ ਸਾਲ ਦੇ 187 ਸਫ਼ਲ ਉਮੀਦਵਾਰਾਂ ਨਾਲੋਂ 63 ਫੀਸਦ ਦਾ ਸ਼ਾਨਦਾਰ ਵਾਧਾ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਸਿਰਫ਼ ਇੱਕ ਸਾਲ ਵਿੱਚ ਹੀ ਇੰਨਾ ਵੱਡਾ ਮੀਲ ਪੱਥਰ ਸਥਾਪਤ ਕਰਨਾ ਸਾਡੀ ਪੰਜਾਬ ਸਿੱਖਿਆ ਕ੍ਰਾਂਤੀ ਪਹਿਲਕਦਮੀ ਦੀ ਪਰਿਵਰਤਨਸ਼ੀਲ ਸ਼ਕਤੀ ਦਾ ਪ੍ਰਤੱਖ ਪ੍ਰਮਾਣ ਹੈ। ਅਸੀਂ ਆਪਣੀ ਤਰੱਕੀ ਨੂੰ ਹੋਰ ਤੇਜ਼ ਕਰਨ ਲਈ ਵਚਨਬੱਧ ਹਾਂ।" ਇਨ੍ਹਾਂ ਵਿਦਿਆਰਥੀਆਂ ਦੀ ਸਫਲਤਾ ਦੀਆਂ ਕਹਾਣੀਆਂ ਸਾਂਝੀਆਂ ਕਰਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਭਵਿੱਸ਼ਯਾ, ਜੋ ਸਕੂਲ ਆਫ਼ ਐਮੀਨੈਂਸ, ਟਾਊਨ ਹਾਲ, ਅੰਮ੍ਰਿਤਸਰ , 12ਵੀਂ ਜਮਾਤ ਨਾਨ-ਮੈਡੀਕਲ ਦਾ ਵਿਦਿਆਰਥੀ ਹੈ, ਨੇ 98.182 ਫੀਸਦੀ ਅੰਕ ਪ੍ਰਾਪਤ ਕੀਤੇ, ਭਾਵੇਂ ਕਿ ਉਹ ਸਿਰਫ਼ 1.5 ਲੱਖ ਦੀ ਸਾਲਾਨਾ ਆਮਦਨ ਵਾਲੇ ਗਰੀਬ ਪਰਿਵਾਰ ਤੋਂ ਆਉਂਦਾ ਹੈ। ਉਸਦੇ ਪਿਤਾ ਮੋਬਾਈਲ ਮੁਰੰਮਤ ਦੀ ਦੁਕਾਨ ਚਲਾਉਂਦੇ ਹਨ ਅਤੇ ਉਸਦੀ ਮਾਂ ਕੱਪੜੇ ਸਿਉਂਦੀ ਹੈ । ਮੰਤਰੀ ਨੇ ਦੱਸਿਆ ਕਿ ਵਿੱਤੀ ਰੁਕਾਵਟਾਂ ਦੇ ਬਾਵਜੂਦ, ਇੰਜੀਨੀਅਰਿੰਗ ਕਰਨ ਅਤੇ ਆਪਣੇ ਪਰਿਵਾਰ ਦੇ ਵਿੱਤੀ ਪੱਧਰ ਨੂੰ ਉੱਚਾ ਚੁੱਕਣ ਦਾ ਉਸਦਾ ਇਰਾਦਾ ਅਡੋਲ ਤੇ ਅਡਿੱਗ ਰਿਹਾ। ਸਕੂਲ ਦੇ ਪੂਰਨ ਸਮਰਥਨ ਅਤੇ ਅਨੁਸ਼ਾਸਿਤ ਤਿਆਰੀ ਸਦਕਾ ਉਸਨੇ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ। ਸਿੱਖਿਆ ਮੰਤਰੀ ਨੇ ਅੱਗੇ ਦੱਸਿਆ ਕਿ ਬਠਿੰਡਾ ਦੇ ਸਰਕਾਰੀ ਸਕੂਲ ਦੇ ਵਿਦਿਆਰਥੀ ਦਿਲਖੁਸ਼ ਝਾਅ ਨੇ ਜੇਈਈ ਮੇਨਜ਼ ਵਿੱਚ 95.091 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ। ਇੱਕ ਮਜ਼ਦੂਰ ਪਿਤਾ ਅਤੇ ਘਰੇਲੂ ਮਾਂ ਅਤੇ ਸਿਰਫ਼ 1.2 ਲੱਖ ਦੀ ਸਾਲਾਨਾ ਪਰਿਵਾਰਕ ਆਮਦਨ ਵਾਲੇ ਇਸ ਮਿਹਨਤੀ ਵਿਦਿਆਰਥੀ ਨੇ ਸਵੈ-ਅਧਿਐਨ ਅਤੇ ਪੇਸ ਕਲਾਸਾਂ ਰਾਹੀਂ ਇਹ ਸਫ਼ਲਤਾ ਹਾਸਲ ਕੀਤੀ। ਸਿੱਖਿਆ ਮੰਤਰੀ ਨੇ ਕਿਹਾ, "ਸਕੂਲ ਆਫ਼ ਐਮੀਨੈਂਸ, ਸੰਗਰੂਰ ਦੀ 12ਵੀਂ ਜਮਾਤ ਦੀ ਸਾਇੰਸ ਦੀ ਵਿਦਿਆਰਥਣ ਪ੍ਰਿਯੰਕਾ ਸ਼ਰਮਾ ਇੱਕ ਸਾਧਾਰਨ ਪਰਿਵਾਰ ਤੋਂ ਆਉਂਦੀ ਹੈ। ਉਸਦੇ ਪਿਤਾ ਅਕਾਊਂਟੈਂਟ ਹਨ ਅਤੇ ਉਸਦੀ ਮਾਂ ਇੱਕ ਪ੍ਰਾਈਵੇਟ ਸਕੂਲ ਵਿੱਚ ਪੜ੍ਹਾਉਂਦੀ ਹੈ। ਲਗਭਗ 3.5 ਲੱਖ ਦੀ ਸਾਲਾਨਾ ਪਰਿਵਾਰਕ ਆਮਦਨ ਦੇ ਬਾਵਜੂਦ ਉਸਨੇ ਪੂਰੇ ਅਨੁਸ਼ਾਸਨ ਅਤੇ ਲਗਨ ਨਾਲ ਤਿਆਰੀ ਕੀਤੀ, ਪੇਸ ਕਲਾਸਾਂ, ਨਿਯਮਤ ਮੌਕ ਟੈਸਟਾਂ ਅਤੇ ਮਜ਼ਬੂਤ ਅਕਾਦਮਿਕ ਮਾਰਗਦਰਸ਼ਨ ਤੋਂ ਲਾਭ ਲਿਆ। ਉਸਦੇ ਯਤਨਾਂ ਦੇ ਨਤੀਜੇ ਵਜੋਂ ਜੇਈਈ ਮੇਨਜ਼ ਵਿੱਚ ਸ਼ਾਨਦਾਰ 96.44 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ ਭਾਵੇਂ ਨਾਲ ਹੀ ਉਹ ਨੀਟ ਦੀ ਤਿਆਰੀ ਵੀ ਕਰ ਰਹੀ ਸੀ। ਇੱਕ ਹੋਰ ਸਫਲਤਾ ਦੀ ਕਹਾਣੀ ਦੱਸਦੇ ਹੋਏ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, "ਸਕੂਲ ਆਫ਼ ਐਮੀਨੈਂਸ, ਛਾਜਲੀ ਸੰਗਰੂਰ ਦੀ 12ਵੀਂ ਜਮਾਤ ਦੀ ਨਾਨ-ਮੈਡੀਕਲ ਦੀ ਵਿਦਿਆਰਥਣ ਹਰਮਨਦੀਪ ਸ਼ਰਮਾ ਇੱਕ ਅਜਿਹੇ ਪਰਿਵਾਰ ਤੋਂ ਆਉਂਦੀ ਹੈ ਜਿੱਥੇ ਪਿਤਾ ਅਕਾਊਂਟੈਂਟ ਹੈ ਅਤੇ ਉਸਦੀ ਮਾਂ ਘਰੇਲੂ ਔਰਤ ਹੈ ਅਤੇ ਪਰਿਵਾਰ ਦੀ ਸਾਲਾਨਾ ਆਮਦਨ ਲਗਭਗ 2.5 ਲੱਖ ਹੈ। ਇੰਜੀਨੀਅਰਿੰਗ ਕਰਨ ਦੀ ਇੱਛਾ ਰੱਖਣ ਵਾਲੀ ਇਸ ਹੋਣਹਾਰ ਵਿਦਿਆਰਥਣ ਨੇ ਬਿਨਾਂ ਕਿਸੇ ਪ੍ਰਾਈਵੇਟ ਟਿਊਸ਼ਨ ਦੇ ਸਕੂਲ ਸਹਾਇਤਾ ਦੁਆਰਾ ਸਾਰੀ ਤਿਆਰੀ ਕੀਤੀ, ਅਧਿਆਪਕ ਮਾਰਗਦਰਸ਼ਨ ਅਤੇ ਪੇਸ ਲਰਨਿੰਗ ਤੋਂ ਪੂਰਾ ਲਾਭ ਲਿਆ। ਉਸਦੀ ਅਨੁਸ਼ਾਸਿਤ ਤਿਆਰੀ ਸਦਕਾ ਉਸਨੇ ਜੇਈਈ ਮੇਨ ਵਿੱਚ ਸ਼ਾਨਦਾਰ 98.75 ਪ੍ਰਤੀਸ਼ਤ ਅੰਕ ਪ੍ਰਾਪਤ ਹੋਏ।





# ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ 'ਚ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ

ਜ਼ਿਕਰ ਪੰਜਾਬ

**ਅੰਮ੍ਰਿਤਸਰ** : ਸੰਨ 1921 ਵਿਚ ਵਾਪਰੇ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਭਾਈ ਵਰਿੰਦਰ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਰਦਾਸ ਭਾਈ ਬਲਜੀਤ ਸਿੰਘ ਨੇ ਕੀਤੀ ਅਤੇ ਸੰਗਤ ਨੂੰ ਪਾਵਨ ਹੁਕਮਨਾਮਾ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੇ ਕਥਾਵਾਚਕ ਭਾਈ ਹਰਮਿੱਤਰ ਸਿੰਘ ਨੇ ਸਰਵਣ ਕਰਵਾਇਆ ਇਸ ਮੌਕੇ ਕਥਾਵਾਚਕ ਭਾਈ ਹਰਮਿੱਤਰ ਸਿੰਘ ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਕਿਹਾ ਕਿ ਸਾਡੇ ਪੁਰਖਿਆਂ ਨੇ ਗੁਰਦੁਆਰਾ ਸਾਹਿਬਾਨ ਨੇ ਪ੍ਰਬੰਧ ਨੂੰ ਪੰਥਕ ਹੱਥਾਂ ਵਿੱਚ ਲੈਣ ਲਈ ਅਨੇਕਾਂ ਕੁਰਬਾਨੀਆਂ ਦਿੱਤੀਆਂ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅਸਥਾਨ ਨੂੰ ਅਖੌਤੀ ਮਹੰਤਾਂ ਤੋਂ ਅਜ਼ਾਦ ਕਰਵਾਉਣ ਲਈ ਸਿੱਖ ਯੋਧਿਆਂ ਨੇ ਜਿਸ ਦ੍ਰਿੜ੍ਹਤਾ ਅਤੇ ਦਲੇਰੀ ਦਾ ਪ੍ਰਗਟਾਵਾ ਕੀਤਾ, ਉਹ ਸਿੱਖ ਕੌਮ ਨੂੰ ਸੰਗਠਤ ਕਰਨ ਵਿਚ ਮੀਲ-ਪੱਥਰ ਸਾਬਤ ਹੋਇਆ ਉਨ੍ਹਾਂ ਕਿਹਾ ਕਿ ਆਪਣੀਆਂ ਕੌਮੀ ਸੰਸਥਾਵਾਂ ਦੀ ਮਜ਼ਬੂਤੀ ਲਈ ਕੌਮ ਦੇ ਇਨ੍ਹਾਂ ਮਹਾਨ ਸ਼ਹੀਦਾਂ ਤੋਂ ਸੇਧ ਲੈ ਕੇ ਪੰਥਕ ਪਹਿਰੇਦਾਰੀ ਕਰਨੀ ਸਾਡਾ ਫਰਜ਼ ਹੈ ਇਸੇ ਦੌਰਾਨ ਢਾਡੀ ਭਾਈ ਗੁਰਪ੍ਰੀਤ ਸਿੰਘ ਦੇ ਜਥੇ ਵੱਲੋਂ ਵੀ ਸੰਗਤ ਨੂੰ ਗੁਰ-ਇਤਿਹਾਸ ਨਾਲ ਜੋੜਿਆ ਗਿਆ ਸਮਾਗਮ ਸਮੇਂ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਜਸਪਾਲ ਸਿੰਘ ਢੱਡੇ, ਵਧੀਕ ਮੈਨੇਜਰ ਸ. ਬਿਕਰਮਜੀਤ ਸਿੰਘ ਝੰਗੀ, ਸ. ਜਸਬੀਰ ਸਿੰਘ, ਸ. ਗੁਰਤਿੰਦਪਾਲ ਸਿੰਘ ਕਾਦੀਆਂ, ਮੀਤ ਮੈਨੇਜਰ ਸ. ਦਿਲਬਾਗ ਸਿੰਘ ਆਦਿ ਮੌਜੂਦ ਸਨ

# ਐਸਸੀਡੀ ਸਰਕਾਰੀ ਕਾਲਜ ਦੇ ਸਾਬਕਾ ਵਿਦਿਆਰਥੀਆਂ ਨੇ ਆਪਣੇ ਅਲਮਾ ਮੈਟਰ ਦੇ ਕਾਮਰਸ ਅਤੇ ਬਿਜ਼ਨਸ ਇਨੋਵੇਸ਼ਨ ਦੇ ਵਿਦਿਆਰਥੀਆਂ ਨਾਲ ਕੇਂਦਰੀ ਬਜਟ 'ਤੇ ਚਰਚਾ ਕੀਤੀ

ਜ਼ਿਕਰ ਪੰਜਾਬ

**ਲੁਧਿਆਣਾ/ਤਮੰਨਾ ਬੇਦੀ**





ਲਗਾਤਾਰ ਸਕਾਰਾਤਮਕ ਗੱਲਬਾਤ ਦੀ ਲੜੀ ਵਿੱਚ ਤਜਰਬੇਕਾਰ ਸਾਬਕਾ ਵਿਦਿਆਰਥੀਆਂ ਨੇ ਆਪਣੇ ਅਲਮਾ ਮੈਟਰ ਦੇ ਕਾਮਰਸ, ਪ੍ਰਬੰਧਨ ਅਤੇ ਬਿਜ਼ਨਸ ਇਨੋਵੇਸ਼ਨ ਦੇ ਵਿਦਿਆਰਥੀਆਂ ਨਾਲ ਯੂਨੀਅਨ ਬਜਟ 2026-2027 'ਤੇ ਚਰਚਾ ਕੀਤੀ। ਮੁੱਖ ਬੁਲਾਰੇ ਕੇ ਬੀ ਸਿੰਘ ਡੀਜੀਐਮ (ਸੇਵਾਮੁਕਤ) ਇੱਕ ਬੈਂਕ ਤੋਂ ਅਤੇ ਇੱਕ ਸਾਬਕਾ ਵਿਦਿਆਰਥੀ ਨੇ ਵਿਦਿਆਰਥੀਆਂ ਦੁਆਰਾ ਆਸਾਨੀ ਨਾਲ ਸਮਝਣ ਲਈ ਬਜਟ ਦਾ ਇੱਕ ਸਪਸ਼ਟ ਬਿਰਤਾਂਤ ਪੇਸ਼ ਕੀਤਾ। ਪ੍ਰਿੰਸੀਪਲ ਗੁਰਸ਼ਰਨਜੀਤ ਸਿੰਘ ਸੰਧੂ ਨੇ ਐਲੂਮਨੀ ਐਸੋਸੀਏਸ਼ਨ ਦੇ ਇਸ ਕਦਮ ਦੀ ਸ਼ਲਾਘਾ ਕੀਤੀ। ਪ੍ਰੋ. ਡਾ. ਨੀਲਮ ਭਾਰਦਵਾਜ, ਪ੍ਰੋ. ਅਰੁਣ ਕੁਮਾਰ, ਪ੍ਰੋ. ਗੀਤਿਕਾ ਤਲਵਾਰ, ਪ੍ਰੋ. ਪਰਮਿੰਦਰ, ਪ੍ਰੋ. ਗੀਤਿਕਾ ਅਰੋੜਾ, ਪ੍ਰੋ. ਆਰਸੀ ਸੰਧੂ, ਪ੍ਰੋ. ਨਿਧੀ ਸ਼ਰਮਾ, ਪ੍ਰੋ. ਦਿਨੇਸ਼, ਪ੍ਰੋ. ਚਰਨਜੀਤ ਕੌਰ, ਅਤੇ ਪ੍ਰੋ. ਰੁਪਿੰਦਰ ਕੌਰ ਨੇ ਸੈਸ਼ਨ ਵਿੱਚ ਸ਼ਿਰਕਤ ਕੀਤੀ। ਐਲੂਮਨੀ ਐਸੋਸੀਏਸ਼ਨ ਦੇ ਸੰਗਠਨ ਸਕੱਤਰ ਬ੍ਰਿਜ ਭੂਸ਼ਣ ਗੋਇਲ ਵੀ ਮੌਜੂਦ ਸਨ। ਕੇ ਬੀ ਸਿੰਘ ਨੇ ਦੱਸਿਆ ਕਿ ਕੁੱਲ ਟੈਕਸ ਮਾਲੀਏ ਵਿੱਚ ਸਿੱਧੇ ਟੈਕਸਾਂ ਦਾ ਹਿੱਸਾ 56% ਹੈ, ਜੋ ਕਿ ਪ੍ਰਗਤੀਸ਼ੀਲ ਹੋਣਾ ਇੱਕ ਚੰਗਾ ਸੰਕੇਤ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਬਜਟ 2026-27 ਵਿੱਚ ਪਸ਼ੂ ਪਾਲਣ ਲਈ ਕ੍ਰੈਡਿਟ-ਲਿੰਕਡ ਸਬਸਿਡੀ ਪ੍ਰੋਗਰਾਮ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ, ਜਿਸਦਾ ਉਦੇਸ਼ ਪਸ਼ੂ ਪਾਲਣ ਉੱਦਮਤਾ ਨੂੰ ਮਜ਼ਬੂਤ ਕਰਕੇ ਪੇਂਡੂ ਆਮਦਨ ਨੂੰ ਵਧਾਉਣਾ ਹੈ। ਇਸ ਮੌਕੇ, ਇੱਕ ਹੋਣਹਾਰ ਵਿਦਿਆਰਥਣ, ਜਾਹਨਵੀ, ਜਿਸ ਕੋਲ ਬਜਟ ਸੰਕਲਪਾਂ ਬਾਰੇ ਸ਼ਾਨਦਾਰ ਸਪੱਸ਼ਟਤਾ ਹੈ, ਕਿਤਾਬ "ਚੜ੍ਹਦੀ ਕਲਾ ਹਮੇਸ਼ਾ"ਨਾਲ ਸਨਮਾਨਿਤ ਕੀਤਾ ਗਿਆ 9 ਗੋਇਲ ਨੇ ਕਿਹਾ ਕਿ ਕਾਮਰਸ ਪਿਛੋਕੜ ਵਾਲੇ ਵਿਦਿਆਰਥੀਆਂ ਨੂੰ ਹਮੇਸ਼ਾ ਆਪਣੇ ਵਿਸ਼ੇ ਦੇ ਗਿਆਨ ਵਿੱਚ ਇੱਕ ਫਾਇਦਾ ਹੁੰਦਾ ਹੈ, ਇਸ ਲਈ ਉਹਨਾਂ ਨੂੰ ਆਈ.ਆਈ.ਐਮ ਦਾਖਲਾ ਪ੍ਰੀਖਿਆ ਲਈ ਮੁਕਾਬਲਾ ਕਰਨਾ ਚਾਹੀਦਾ ਹੈ।

# ਹਜ਼ਾਰ ਰੁਪਏ ਮਹੀਨਾ ਅਤੇ ਰਾਸ਼ਨ ਦੀ ਸੁਵਿਧਾ ਨਾ ਦੇਣ ਵਾਲੀ ਮਾਨ ਸਰਕਾਰ 10 ਲੱਖ ਦਾ ਬੀਮਾ ਕਿੱਥੋਂ ਦਵੇਗੀ : ਭੁਪਿੰਦਰ ਭਿੰਦਾ

## ਨਿਤ ਨਵੇਂ ਸ਼ਗੂਫਿਆਂ ਨਾਲ ਗੁੰਮਰਾਹ ਕਰਨ ਦੀਆਂ ਕੋਸ਼ਿਸ਼ਾਂ ਨੂੰ ਲੋਕ ਕਾਮਯਾਬ ਨਹੀਂ ਹੋਣ ਦੇਣਗੇ

ਜ਼ਿਕਰ ਪੰਜਾਬ

**ਲੁਧਿਆਣਾ/ਅਸ਼ਵਨੀ ਅਹੂਜਾ**



ਅਕਾਲੀ ਜੱਥਾ ਸ਼ਹਿਰੀ ਦੇ ਪ੍ਰਧਾਨ ਭੁਪਿੰਦਰ ਸਿੰਘ ਭਿੰਦਾ ਨੇ ਸੂਬਾ ਸਰਕਾਰ ਉੱਤੇ ਤਿੱਖਾ ਪ੍ਰਹਾਰ ਕਰਦੇ ਹੋਏ ਕਿਹਾ ਕਿ ਜਿਹੜੀ ਸਰਕਾਰ ਪੰਜਾਬ ਦੀਆਂ ਔਰਤਾਂ ਨੂੰ ਹਜ਼ਾਰ ਰੁਪਏ ਮਹੀਨਾ ਦੇਣ ਦਾ ਵਾਅਦਾ ਪੂਰਾ ਨਹੀਂ ਕਰ ਸਕੀ ਅਤੇ ਗਰੀਬ ਪਰਿਵਾਰਾਂ ਨੂੰ ਰਾਸ਼ਨ ਕਾਰਡ ਦੀ ਮੁੱਢਲੀ ਸਹੂਲਤ ਵੀ ਯਕੀਨੀ ਨਹੀਂ ਬਣਾ ਸਕੀ, ਉਹ 10 ਲੱਖ ਰੁਪਏ ਦਾ ਬੀਮਾ ਦੇਣ ਦੇ ਦਾਅਵੇ ਕਿਵੇਂ ਪੂਰੇ ਕਰੇਗੀ। ਭਿੰਦਾ ਨੇ ਕਿਹਾ ਕਿ ਲੋਕਾਂ ਨੂੰ ਵੱਡੇ-ਵੱਡੇ ਸੁਪਨੇ ਦਿਖਾਉਣ ਦੀ ਬਜਾਏ ਸਰਕਾਰ ਨੂੰ ਜ਼ਮੀਨੀ ਹਕੀਕਤਾਂ 'ਤੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੇ ਰਹਿੰਦੇ ਹੋਏ ਰਾਸ਼ਨ ਕਾਰਡ ਤਾਂ ਮਾਨ ਸਰਕਾਰ ਨੇ ਕੀ ਬਣਾਉਣੇ ਸੀ ਬਲਕਿ ਬਾਦਲ ਸਾਹਿਬ ਵੱਲੋਂ ਬਣਾਏ ਹੋਏ ਕਾਰਡ ਹੀ ਮਾਨ ਸਰਕਾਰ ਨੇ ਕੱਟ ਦਿੱਤੇ। ਜਿਸ ਨਾਲ ਲੋਕਾਂ ਨੂੰ ਬਾਦਲ ਸਾਹਿਬ ਦੀ ਚਲਾਈ ਸਕੀਮ ਆਟਾ ਦਾਲ ਤੋਂ ਵੀ ਵਾਂਝੇ ਹੋਣਾ ਪੈ ਰਿਹਾ ਹੈ। ਜਦਕਿ ਔਰਤਾਂ ਨੂੰ 1000 ਰੁਪਏ ਮਹੀਨਾ ਦੇਣ ਦੇ ਨਾਲ ਆਰਥਿਕ ਮਜ਼ਬੂਤੀ ਦੇਣ ਦੇ ਵਾਅਦੇ ਸਿਰਫ਼ ਕਾਗਜ਼ਾਂ ਤੱਕ ਹੀ ਸੀਮਿਤ ਰਹਿ ਗਏ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ 10 ਲੱਖ ਰੁਪਏ ਦੇ ਬੀਮੇ ਦੀ ਘੋਸ਼ਣਾ ਸਿਰਫ਼ ਲੋਕਾਂ ਨੂੰ ਭਰਮਾਉਣ ਲਈ ਕੀਤੀ ਜਾ ਰਹੀ ਹੈ। ਕਿਉਂਕਿ ਪੰਜਾਬ ਨੂੰ ਲੱਖਾਂ ਕਰੋੜ ਕਰਜੇ ਦੇ ਬੋਝ ਥੱਲੇ ਦਬਾਉਣ ਵਾਲੀ ਮਾਨ ਸਰਕਾਰ ਵੱਲੋਂ ਜਦੋਂ ਮੁੱਢਲੀਆਂ ਸਹੂਲਤਾਂ ਹੀ ਪ੍ਰਦਾਨ ਨਹੀਂ ਕਰਵਾਈਆਂ ਜਾ ਰਹੀਆਂ ਤਾਂ ਸਰਕਾਰ 10 ਲੱਖ ਦਾ ਬੀਮਾ ਕਿੱਥੋਂ ਦੇਵੇਗੀ ਉਨ੍ਹਾਂ ਕਿਹਾ ਕਿ ਪਹਿਲਾਂ ਵੀ ਇਸ ਤਰ੍ਹਾਂ ਦੇ ਕਈ ਵਾਅਦੇ ਕੀਤੇ ਗਏ, ਪਰ ਕਿਸੇ ਨੂੰ ਵੀ ਲਾਗੂ ਨਹੀਂ ਕੀਤਾ ਗਿਆ। ਜਦਕਿ ਹੁਣ ਇੱਕ ਵਾਰ ਫਿਰ ਤੋਂ 10 ਲੱਖ ਦੇ ਬੀਮੇ ਵਾਲੇ ਸ਼ਗੂਫੇ ਨਾਲ ਮਾਨ ਸਰਕਾਰ ਵੱਲੋਂ ਲੋਕਾਂ ਨੂੰ ਗੁੰਮਰਾਹ ਕਰਨ ਦੀਆਂ ਕੋਸ਼ਿਸ਼ਾਂ ਨੂੰ ਸੂਬੇ ਦੇ ਲੋਕ ਕਾਮਯਾਬ ਨਹੀਂ ਹੋਣ ਦੇਣਗੇ। ਉਨ੍ਹਾਂ ਕਿਹਾ ਕਿ ਬਾਦਲ ਸਰਕਾਰ ਵੱਲੋਂ ਕੀਤੇ ਗਏ ਕੰਮ ਅਤੇ ਦਿੱਤੀਆਂ ਗਈਆਂ ਸਹੂਲਤਾਂ ਦਾ ਲੋਕ ਅੱਜ ਵੀ ਆਨੰਦ ਮਾਣ ਰਹੇ ਹਨ ਜਦਕਿ ਮਾਨ ਸਰਕਾਰ ਨਿਤ ਨਵੇਂ ਸ਼ਗੂਫਿਆਂ ਅਤੇ ਵਿਰੋਧੀਆਂ ਤੇ ਤੰਜ ਕਸਣ ਤੋਂ ਇਲਾਵਾ ਲੋਕਾਂ ਦੀ ਭਲਾਈ ਲਈ ਕੁਝ ਵੀ ਨਹੀਂ ਕਰ ਰਹੀ ਜਿਸ ਦਾ ਜਵਾਬ ਲੋਕ 2027 ਦੀਆਂ ਵੋਟਾਂ ਦੌਰਾਨ ਮਾਨ ਸਰਕਾਰ ਨੂੰ ਸੱਤਾ ਤੋਂ ਬਾਹਰ ਦਾ ਰਸਤਾ ਦਿਖਾ ਕੇ ਦੇਣਗੇ।

# 10 ਲੱਖ ਸਿਹਤ ਯੋਜਨਾ ਜਾਂ ਲੁਕੀਆਂ ਹੋਈਆਂ ਹੱਦਾਂ ਤੇ ਸ਼ਰਤਾਂ, ਪੰਜਾਬ ਨੂੰ ਹੁਣ ਸੱਚ ਅਤੇ ਪਾਰਦਰਸ਼ਿਤਾ ਚਾਹੀਦੀ ਹੈ : ਗਰੇਵਾਲ ਭੂਖੜੀ ਕਲਾਂ

ਜ਼ਿਕਰ ਪੰਜਾਬ

**ਲੁਧਿਆਣਾ/ਪ੍ਰਿਤਪਾਲ ਸਿੰਘ ਪਾਲੀ**



ਕੌਮੀਂ ਭਾਜਪਾ ਆਗੂ, ਐਡਵੋਕੇਟ ਸੁੱਖਮਿੰਦਰਪਾਲ ਸਿੰਘ ਗਰੇਵਾਲ ਭੂਖੜੀ ਕਲਾਂ ਨੇ ਕਿਹਾ ਕਿ ਉਹ ਪੂਰੀ ਇਮਾਨਦਾਰੀ ਜ਼ਿੰਮੇਵਾਰੀ ਅਤੇ ਪੰਜਾਬ ਦੇ ਲੋਕਾਂ ਦੀ ਭਲਾਈ ਪ੍ਰਤੀ ਗੰਭੀਰ ਚਿੰਤਾ ਦੇ ਨਾਲ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਘੋਸ਼ਿਤ ਕੀਤੀ ਗਈ 10 ਲੱਖ ਰੁਪਏ ਦੀ ਸਿਹਤ ਬੀਮਾ ਯੋਜਨਾ ਬਾਰੇ ਪੂਰੀ ਪਾਰਦਰਸ਼ਿਤਾ ਅਤੇ ਤੱਥਾਂ ਅਧਾਰਿਤ ਸਪਸ਼ਟਤਾ ਦੀ ਮੰਗ ਕਰਦੇ ਹਨ। ਗਰੇਵਾਲ ਨੇ ਆਪਣੇ ਮੀਡੀਆ ਪਲੇਟਫਾਰਮ ਐਕਸ 'ਤੇ ਲਿਖਿਆ ਕਿ ਸਿਹਤ ਸੇਵਾ ਕੋਈ ਸਿਰਫ ਰਾਜਨੀਤਿਕ ਵਾਅਦਾ ਨਹੀਂ ਸਗੋਂ ਮਨੁੱਖੀ ਜੀਵਨ ਦੀ ਇੱਜ਼ਤ ਸਨਮਾਨ ਅਤੇ ਇਮਾਨਦਾਰੀ ਨਾਲ ਰੱਖਿਆ ਕਰਨ ਦੀ ਪਵਿੱਤਰ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਇਸ ਯੋਜਨਾ ਨੂੰ 10 ਲੱਖ ਰੁਪਏ ਤੱਕ ਪ੍ਰਤੀ ਪਰਿਵਾਰ ਨਕਦ ਰਹਿਤ ਅਤੇ ਵਿਸਤ੍ਰਿਤ ਇਲਾਜ ਦੀ ਇਤਿਹਾਸਕ ਭਲਾਈ ਯੋਜਨਾ ਵਜੋਂ ਪੇਸ਼ ਕੀਤਾ ਗਿਆ ਹੈ ਪਰ ਜ਼ਮੀਨੀ ਪੱਧਰ 'ਤੇ ਇਸ ਦੀ ਕਾਰਜਵਿਧੀ ਅਤੇ ਤਿਆਰੀ ਬਾਰੇ ਗੰਭੀਰ ਸਵਾਲ ਉੱਠ ਰਹੇ ਹਨ। ਗਰੇਵਾਲ ਨੇ ਦੱਸਿਆ ਕਿ ਪੰਜਾਬ ਭਰ ਵਿੱਚ ਮਰੀਜ਼ ਹਸਪਤਾਲ ਅਤੇ ਸਿਹਤ ਸੇਵਾ ਪ੍ਰਦਾਤਾ ਇਸ ਯੋਜਨਾ ਦੇ ਕਾਰਜਕਾਰੀ ਢਾਂਚੇ ਨੂੰ ਲੈ ਕੇ ਉਲਝਣ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਪਸ਼ਟਤਾ ਮੰਗਣਾ ਵਿਰੋਧ ਦਾ ਹੱਕ ਨਹੀਂ ਸਗੋਂ ਹਰ ਨਾਗਰਿਕ ਦਾ ਮੂਲ ਅਧਿਕਾਰ ਹੈ ਜੋ ਬਿਮਾਰੀ ਅਤੇ ਕਠਿਨਾਈ ਦੇ ਸਮੇਂ ਸਰਕਾਰ ਵੱਲ ਆਸ ਨਾਲ ਵੇਖਦਾ ਹੈ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਕਿ ਤੁਰੰਤ ਅਤੇ ਪਾਰਦਰਸ਼ੀ ਸਪਸ਼ਟੀਕਰਨ ਦਿੱਤਾ ਜਾਵੇ ਤਾਂ ਜੋ ਮੈਡੀਕਲ ਐਮਰਜੈਂਸੀ ਦੌਰਾਨ ਲੋਕ ਅਨਿਸ਼ਚਿਤਤਾ ਦਾ ਸ਼ਿਕਾਰ ਨਾ ਹੋਣ। ਗਰੇਵਾਲ ਨੇ ਕਿਹਾ ਕਿ ਉਨ੍ਹਾਂ ਨੇ ਇਹ ਮਸਲੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਬਲਬੀਰ ਸਿੰਘ ਸਾਹਮਣੇ ਵੀ ਰੱਖੇ ਹਨ ਅਤੇ ਲੋਕਹਿੱਤ ਵਿੱਚ ਵਿਸਤ੍ਰਿਤ ਜਵਾਬ ਮੰਗੇ ਹਨ। ਉਨ੍ਹਾਂ ਕਿਹਾ ਕਿ ਉਪਲਬਧ ਜਾਣਕਾਰੀ ਅਨੁਸਾਰ ਇਹ ਯੋਜਨਾ ਲਗਭਗ 2,356 ਬਿਮਾਰੀਆਂ ਨੂੰ ਕਵਰ ਕਰਦੀ ਹੈ ਅਤੇ ਹਰ ਬਿਮਾਰੀ ਲਈ ਪਹਿਲਾਂ ਤੋਂ ਨਿਰਧਾਰਤ ਪੈਕੇਜ ਦਰ ਅਤੇ ਵੱਧ ਤੋਂ ਵੱਧ ਆਰਥਿਕ ਸੀਮਾ ਤੈਅ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜੇ ਇਲਾਜ ਦਾ ਖਰਚਾ ਇਨ੍ਹਾਂ ਨਿਰਧਾਰਤ ਸੀਮਾਵਾਂ ਤੋਂ ਵੱਧ ਜਾਂਦਾ ਹੈ ਤਾਂ ਲਾਭਪਾਤਰੀਆਂ ਨੂੰ ਬਾਕੀ ਰਕਮ ਆਪਣੀ ਜੇਬ ਤੋਂ ਦੇਣੀ ਪੈ ਸਕਦੀ ਹੈ ਜਿਸ ਨਾਲ ਸਰਬਭੌਮ ਅਤੇ ਨਕਦ ਰਹਿਤ ਸਿਹਤ ਸੇਵਾ ਦੇ ਵਾਅਦੇ ਦੀ ਆਤਮਾ ਕਮਜ਼ੋਰ ਹੋ ਸਕਦੀ ਹੈ। ਗਰੇਵਾਲ ਨੇ ਪੁੱਛਿਆ ਕਿ ਕੀ 10 ਲੱਖ ਰੁਪਏ ਦੀ ਕਵਰੇਜ ਸੱਚਮੁੱਚ ਪ੍ਰਤੀ ਪਰਿਵਾਰ ਸਾਲਾਨਾ ਕੁੱਲ ਸੀਮਾ ਹੈ ਜਾਂ ਹਰ ਇਲਾਜ ਲਈ ਪੈਕੇਜ ਅਨੁਸਾਰ ਨਿਰਧਾਰਤ ਹੱਦਾਂ ਕਾਰਨ ਇਹ ਅਸਲ ਵਿੱਚ ਸੀਮਿਤ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਜੇ ਹਰ ਇਲਾਜ ਲਈ ਵੱਖਰੀ ਵਿੱਤੀ ਛੱਤ ਹੈ ਤਾਂ 10 ਲੱਖ ਦੇ ਦਾਅਵੇ ਬਾਰੇ ਪੂਰੀ ਇਮਾਨਦਾਰੀ ਨਾਲ ਲੋਕਾਂ ਨੂੰ ਜਾਣਕਾਰੀ ਦਿੱਤੀ ਜਾਵੇ। ਉਨ੍ਹਾਂ ਇਹ ਵੀ ਸਪਸ਼ਟੀਕਰਨ ਮੰਗਿਆ ਕਿ ਜੇ ਹਸਪਤਾਲਾਂ ਦੇ ਖਰਚੇ ਨਿਰਧਾਰਤ ਦਰਾਂ ਤੋਂ ਵੱਧ ਹੋਣ ਤਾਂ ਕੀ ਮਰੀਜ਼ਾਂ ਨੂੰ ਆਪਣੀ ਜੇਬ ਤੋਂ ਭੁਗਤਾਨ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਬਿਮਾਰੀ ਨਾਲ ਜੂਝ ਰਹੇ ਪਰਿਵਾਰਾਂ ਨੂੰ ਨੀਤੀ ਦੀਆਂ ਤਕਨੀਕੀ ਪਾਬੰਦੀਆਂ ਕਾਰਨ ਵਿੱਤੀ ਝਟਕਾ ਨਹੀਂ ਸਹਿਣਾ ਚਾਹੀਦਾ।

# ਤਿੰਨ ਮਹੀਨਿਆਂ ਵਿੱਚ ਹਰ ਪੰਜਾਬੀ ਨੂੰ ਸਿਹਤ ਕਾਰਡ ਜਾਰੀ ਕਰਨ ਦਾ ਟੀਚਾ : ਸਿਹਤ ਮੰਤਰੀ

ਜ਼ਿਕਰ ਪੰਜਾਬ

**ਲੁਧਿਆਣਾ/ਅਸ਼ਵਨੀ ਅਹੂਜਾ**



ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਐਲਾਨ ਕੀਤਾ ਕਿ ਸੂਬਾ ਸਰਕਾਰ ਅਗਲੇ ਤਿੰਨ ਮਹੀਨਿਆਂ ਦੇ ਅੰਦਰ ਹਰੇਕ ਪੰਜਾਬੀ ਨੂੰ ਮੁੱਖ ਮੰਤਰੀ ਸਿਹਤ ਯੋਜਨਾ (ਐਮ.ਐਮ.ਐਸ.ਵਾਈ) ਤਹਿਤ ਸਿਹਤ ਕਾਰਡ ਪ੍ਰਦਾਨ ਕਰਨ ਦੇ ਰਾਹ 'ਤੇ ਹੈ। ਇਸ ਮਹੱਤਵਾਕਾਂਖੀ ਮੁਹਿੰਮ ਦਾ ਉਦੇਸ਼ ਪੰਜਾਬ ਦੀ ਪੂਰੀ ਆਬਾਦੀ ਨੂੰ ਪ੍ਰਤੀ ਪਰਿਵਾਰ ਸਾਲਾਨਾ 10 ਲੱਖ ਰੁਪਏ ਤੱਕ ਦਾ ਯੂਨੀਵਰਸਲ ਕੈਸ਼ਲੈੱਸ ਸਿਹਤ ਬੀਮਾ ਕਵਰੇਜ ਪ੍ਰਦਾਨ ਕਰਨਾ ਹੈ। ਮੁੱਖ ਮੰਤਰੀ ਸਿਹਤ ਯੋਜਨਾ ਦੀ ਵਿਸਤ੍ਰਿਤ ਸਮੀਖਿਆ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਵਿਧਾਇਕ ਸਰਵਜੀਤ ਕੌਰ ਮਾਣੂੰਕੇ, ਵਿਧਾਇਕ ਰਜਿੰਦਰ ਪਾਲ ਕੌਰ ਛੀਨਾ, ਵਿਧਾਇਕ ਮਦਨ ਲਾਲ ਬੱਗਾ ਅਤੇ ਵਿਧਾਇਕ ਕੁਲਵੰਤ ਸਿੰਘ ਸਿੱਧੂ, ਆਪ ਦੇ ਸੀਨੀਅਰ ਆਗੂ ਡਾ. ਕੇ.ਐਨ.ਐਸ ਕੰਗ ਅਤੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਦੇ ਨਾਲ ਮੁੱਖ ਮੰਤਰੀ ਸਿਹਤ ਯੋਜਨਾ ਨੂੰ ਆਪਣੀ ਕਿਸਮ ਦੀ ਇੱਕ ਵਿਲੱਖਣ ਯੂਨੀਵਰਸਲ ਸਕੀਮ ਦੱਸਿਆ ਜੋ ਸਾਰੀਆਂ ਆਮਦਨੀ ਰੁਕਾਵਟਾਂ ਨੂੰ ਦੂਰ ਕਰਦੀ ਹੈ ਅਤੇ ਇਹ ਯਕੀਨੀ ਬਣਾਉਂਦੀ ਹੈ ਕਿ ਹਰ ਪੰਜਾਬੀ ਬਿਨਾਂ ਕਿਸੇ ਵਿੱਤੀ ਬੋਝ ਦੇ ਸੂਚੀਬੱਧ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਗੁਣਵੱਤਾ ਵਾਲੇ ਨਕਦ ਰਹਿਤ ਇਲਾਜ ਤੱਕ ਪਹੁੰਚ ਕਰ ਸਕੇ। ਸਿਹਤ ਮੰਤਰੀ ਨੇ ਖੁਲਾਸਾ ਕੀਤਾ ਕਿ ਨਾਮਾਂਕਣ ਪ੍ਰਕਿਰਿਆ ਨੇ ਬਹੁਤ ਤੇਜ਼ੀ ਫੜ ਲਈ ਹੈ। ਇਸ ਸਮੇਂ ਹਰ ਰੋਜ਼ ਕਰੀਬ 60 ਹਜ਼ਾਰ ਸਿਹਤ ਕਾਰਡ ਜਾਰੀ ਕੀਤੇ ਜਾ ਰਹੇ ਹਨ ਅਤੇ ਪੰਜਾਬ ਸਰਕਾਰ ਹੁਣ ਰੋਜ਼ਾਨਾ ਔਸਤਨ 3 ਲੱਖ ਨਾਮਾਂਕਣ ਪ੍ਰਾਪਤ ਕਰਨ ਲਈ ਜ਼ੋਰ ਦੇ ਰਹੀ ਹੈ। ਹੁਣ ਤੱਕ ਰਾਜ ਭਰ ਵਿੱਚ ਲਗਭਗ 9 ਲੱਖ ਸਿਹਤ ਕਾਰਡ ਪਹਿਲਾਂ ਹੀ ਵੰਡੇ ਜਾ ਚੁੱਕੇ ਹਨ। ਵਿੱਤੀ ਮੋਰਚੇ 'ਤੇ ਪੰਜਾਬ ਸਰਕਾਰ ਪਹਿਲਾਂ ਹੀ ਬੀਮਾ ਭਾਈਵਾਲ ਨੂੰ 500 ਕਰੋੜ ਰੁਪਏ ਜਾਰੀ ਕਰ ਚੁੱਕੀ ਹੈ। ਇਹ ਯਕੀਨੀ ਬਣਾਉਣ ਲਈ ਸਖ਼ਤ ਨਿਰਦੇਸ਼ ਜਾਰੀ ਕੀਤੇ ਗਏ ਹਨ ਕਿ ਸਾਰੇ ਸੂਚੀਬੱਧ ਹਸਪਤਾਲਾਂ ਨੂੰ 21 ਦਿਨਾਂ ਦੇ ਅੰਦਰ ਉਨ੍ਹਾਂ ਦੇ ਭੁਗਤਾਨ ਮਿਲ ਜਾਣ। ਇਸ ਤੋਂ ਪਹਿਲਾਂ ਦਿਨ ਵਿੱਚ ਡਾ. ਬਲਬੀਰ ਸਿੰਘ ਨੇ ਸਿਵਲ ਹਸਪਤਾਲ ਦੇ ਵੱਖ-ਵੱਖ ਵਿਭਾਗਾਂ ਦਾ ਦੌਰਾ ਕੀਤਾ ਜਿਨ੍ਹਾਂ ਵਿੱਚ ਆਈ. ਸੀ. ਯੂ, ਸਟ੍ਰੋਕ ਵਾਰਡ, ਐਮਰਜੈਂਸੀ ਅਤੇ ਹੋਰ ਵਾਰਡ ਸ਼ਾਮਲ ਹਨ। ਉਨ੍ਹਾਂ ਨੇ ਮਰੀਜ਼ਾਂ ਨਾਲ ਨਿੱਜੀ ਤੌਰ 'ਤੇ ਗੱਲਬਾਤ ਕਰਦਿਆਂ ਉਨ੍ਹਾਂ ਦੇ ਤਜ਼ਰਬੇ ਸੁਣੇ ਅਤੇ ਮੁੱਖ ਮੰਤਰੀ ਸਿਹਤ ਯੋਜਨਾ ਦੇ ਲਾਗੂਕਰਨ ਅਤੇ ਲਾਭਾਂ ਬਾਰੇ ਸਿੱਧਾ ਫੀਡਬੈਕ ਇਕੱਤਰ ਕੀਤਾ।

# ਗੁਰੂ ਪ੍ਰੇਮ ਅਤੇ ਸੰਗਤਾਂ ਦੇ ਖਿੱਚ ਦਾ ਕੇਂਦਰ ਬਣਿਆ ਠਰਵਾ ਮਾਜਰਾ ਦਾ ਤਿੰਨ ਦਿਨਾਂ ਸਮਾਗਮ

## ਸਿੰਘ ਸਾਹਿਬ, ਸੰਤ ਮਹਾਂਪੁਰਸ਼, ਵਿਦਵਾਨ ਕਥਾਵਾਚਕ ਅਤੇ ਕੀਰਤਨ ਜੱਥਿਆਂ ਨੇ ਸੰਗਤਾਂ ਨੂੰ ਗੁਰੂ ਨਾਲ ਜੋੜਿਆ

ਜ਼ਿਕਰ ਪੰਜਾਬ

**ਲੁਧਿਆਣਾ/ਪ੍ਰਿਤਪਾਲ ਸਿੰਘ ਪਾਲੀ**



ਪਰਮ ਸੰਤ ਬਾਬਾ ਸੁਚਾ ਸਿੰਘ ਜੀ ਦੀ ਪ੍ਰੇਰਨਾ ਸਦਕਾ ਠਰਵਾ ਮਾਜਰਾ ਦੇ ਜਮਪਲ ਸੰਤ ਗਿਆਨੀ ਅਮੀਰ ਸਿੰਘ ਮੁਖੀ ਜਵੱਦੀ ਟਕਸਾਲ ਅਤੇ ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ ਦੀ ਪਹਿਲਕਦਮੀ ਸਦਕਾ ਹਰ ਸਾਲ ਮਹਾਨ ਗੁਰਮਤਿ ਸਮਾਗਮ ਕਰਵਾਇਆ ਜਾਂਦਾ ਹੈ। ਜਿਸ ਵਿੱਚ ਸੰਤ ਮਹਾਂਪੁਰਸ਼, ਪੰਥ ਪ੍ਰਸਿੱਧ ਕਥਾਵਾਚਕ, ਹਜ਼ੂਰੀ ਕੀਰਤਨੀਏ, ਵਿਦਵਾਨ ਸ਼ਖਸ਼ੀਅਤਾਂ ਉਚੇਚੇ ਤੌਰ ਤੇ ਸਮੂਲੀਅਤ ਕਰਦੀਆਂ ਹਨ। ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਕਾ: ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਨੇ ਗੁਰਬਾਣੀ ਸ਼ਬਦਾਂ ਦੇ ਹਵਾਲੇ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਫੁਰਮਾਇਆ ਕਿ ਇਹ ਸਮਾਗਮ ਕਰਵਾਉਣ ਦੀ ਸੋਝੀ ਦੇਣ ਵਾਲੇ ਸੰਤ ਬਾਬਾ ਸੁੱਚਾ ਸਿੰਘ ਜੀ ਗੁਰੂ ਦਰ ਤੋਂ ਵਿਵੇਕ ਬੁੱਧੀ ਹਾਸਲ ਕਰ ਚੁੱਕੇ, ਨਿਰਲੇਪ ਤੇ ਨਿਸ਼ਕਾਮ ਮਹਾਂਪੁਰਸ਼ ਸਨ। ਅਜਿਹੇ ਸਤਿ ਪੁਰਖ ਦੀ ਚਾਲ ਹੀ ਨਿਰਾਲੀ ਸੀ। ਜਿਨ੍ਹਾਂ ਮਨ ਬਚਨ ਅਤੇ ਕਰਮ ਦੇ ਕੁੰਡਲਾਂ ਨੂੰ, ਇਹਨਾਂ ਦੀਆਂ ਗੰਢਾਂ ਨੂੰ, ਸਤਸੰਗਤ ਵਿੱਚ ਢਿੱਲਿਆਂ ਕਰਕੇ ਖੋਲ੍ਹਿਆ ਅਤੇ ਜੀਵਨ ਸ਼ਕਤੀ ਦੇ ਥੰਮ ਨੂੰ ਪਰਮ ਆਨੰਦ ਦੇ ਰੂਪ ਵਿੱਚ ਅਨੁਭਵ ਕਰ ਲਿਆ।

ਸਮਾਗਮ ਸਬੰਧੀ ਉਨ੍ਹਾਂ ਕਿਹਾ ਕਿ ਗਿਆਨੀ ਪਿੰਦਰਪਾਲ ਸਿੰਘ ਅਤੇ ਸੰਤ ਗਿਆਨੀ ਅਮੀਰ ਸਿੰਘ ਜੀ ਵਲੋਂ ਧਰਮ ਖੇਤਰ ਨਿਭਾਈਆਂ ਜਾਂਦੀਆਂ ਸੇਵਾਵਾਂ ਤਸੱਲੀ ਕਰਨਯੋਗ ਹਨ। ਖਾਸ ਤੌਰ ਤੇ ਇਹੋ ਜਿਹੇ ਸਮਾਗਮ ਕਰਵਾਉਣੇ ਜਿੱਥੇ ਜਿਸਦੇ ਆਸਰੇ ਬਿਬੇਕ ਬੁੱਧੀ ਵਾਲੀਆਂ ਨੂੰ ਆਤਮਕ ਜਗਤ ਦੀਆਂ ਡੂੰਘਿਆਈਆਂ ਵਿੱਚ ਗੋਤੇ ਮਾਰ ਕੇ ਸਫਲ ਜੀਵਨ ਦੀ ਸੋਝੀ ਦੇ ਨਾਲ ਨਾਲ ਆਤਮਿਕ ਅਨੰਦ ਪ੍ਰਾਪਤ ਹੁੰਦਾ ਹੈ। ਇਸ ਵਰ੍ਹੇ ਦਾ ਸਲਾਨਾਂ ਸਮਾਗਮ 13,14 ਅਤੇ 15 ਫਰਵਰੀ ਨੂੰ ਕਰਵਾਇਆ ਗਿਆ। ਜਿਸ ਵਿੱਚ ਭਾਈ ਕੁਲਦੀਪ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ, ਜਵੱਦੀ ਟਕਸਾਲ ਦੇ ਹੋਣਹਾਰ ਵਿਦਿਆਰਥੀਆਂ ਦੇ ਰਾਗੀ ਜਥਿਆਂ ਤੋਂ ਇਲਾਵਾ ਭਾਈ ਲਖਵਿੰਦਰ ਸਿੰਘ, ਭਾਈ ਕਵਲਜੀਤ ਸਿੰਘ, ਭਾਈ ਸਰੂਪ ਸਿੰਘ,(ਤਿੰਨੋ ਹਜ਼ੂਰੀ ਰਾਗੀ ਸ਼?ਰੀ ਸ੍ਰੀ ਦਰਬਾਰ ਸਾਹਿਬ) ਗਿਆਨੀ ਸਾਹਿਬ ਸਿੰਘ ਕਨੇਡਾ, ਗਿਆਨੀ ਨਰਿੰਦਰ ਸਿੰਘ ਕਨੇਡਾ, ਭਾਈ ਗੁਰਦੇਵ ਸਿੰਘ ਆਸਟਰੇਲੀਆ, ਬਾਬਾ ਕਸ਼ਮੀਰ ਸਿੰਘ ਕਰਨਾਲ ਬਾਬਾ ਗੁਰਮੀਤ ਸਿੰਘ ਡਾਚਰ ਆਦਿ ਨੇ ਗੁਰਬਾਣੀ ਕੀਰਤਨ ਕਰਦਿਆਂ ਸੰਗਤਾਂ ਨੂੰ ਗੁਰੂ ਨਾਲ ਜੋੜਿਆ ਪੰਥ ਪ੍ਰਸਿੱਧ ਢਾਡੀ ਗਿਆਨੀ ਤਰਲੋਚਨ ਸਿੰਘ ਭੁਮੱਦੀ ਦੇ ਜੱਥੇ ਨੇ ਗੁਰ ਇਤਿਹਾਸ ਅਤੇ ਢਾਡੀ ਵਾਰਾਂ ਨਾਲ ਨਿਹਾਲ ਕੀਤਾ।

# ਪੰਜਾਬੀ ਫਿਲਮਾਂ ਨੇ ਸਾਡੇ ਸਭਿਆਚਾਰ ਨੂੰ ਸੰਭਾਲਣ ਅਤੇ ਪਸਾਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ : ਕ੍ਰਿਸ਼ਨ ਕੁਮਾਰ ਬਾਵਾ

## ਸਨੀ ਦੀ ਹਨੀ ਫਿਲਮ ਮਾਪਿਆਂ ਦੇ ਸਤਿਕਾਰ ਦਾ ਸੁਨੇਹਾ ਦਿੰਦੀ ਹੈ : ਮਲਕੀਤ ਸਿੰਘ ਦਾਖਾ

ਜ਼ਿਕਰ ਪੰਜਾਬ



**ਲੁਧਿਆਣਾ** : ਪ੍ਰੋਫੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਪ੍ਰਧਾਨ ਰਾਜੀਵ ਕੁਮਾਰ ਲਵਲੀ ਅਤੇ ਚੇਅਰਮੈਨ ਗੁਰਨਾਮ ਸਿੰਘ ਧਾਲੀਵਾਲ ਦੀ ਅਗਵਾਈ ਵਿੱਚ ਪੰਜਾਬੀ ਫਿਲਮ 'ਸਨੀ ਦੀ ਹਨੀ' ਦੇ ਕਲਾਕਾਰਾਂ ਲਈ ਕਰਵਾਏ_?ਇੱਕ ਸਨਮਾਨ ਸਮਾਰੋਹ ਵਿੱਚ ਬੋਲਦਿਆਂ ਪੰਜਾਬ ਦੇ ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਨੇ ਕਿਹਾ ਕਿ ਸਨੀ ਦੀ ਹਨੀ ਫਿਲਮ ਮਾਪਿਆਂ ਦੇ ਸਤਿਕਾਰ ਦਾ ਸੁਨੇਹਾ ਦਿੰਦੀ ਹੈ ਇਸ ਲਈ ਨੌਜਵਾਨ ਪੀੜੀ ਲਈ ਇਹ ਪ੍ਰੇਰਨਾ ਦਾਇਕ ਫਿਲਮ ਦੇ ਕਲਾਕਾਰਾਂ ਅਸੀਂ ਮੁਬਾਰਕ ਦੇਣੀ ਬਣਦੀ ਹੈ । ਸ਼?ਰੀ ਦਾਖਾ ਨੇ ਕਿਹਾ ਪੰਜਾਬ ਦੇ ਕਲਾਕਾਰਾਂ ਨੇ ਦੁਨੀਆਂ ਭਰ ਵਿੱਚ ਨਾਮਨਾ ਖੱਟਿਆ ਹੈ ਅੱਜ ਜਦੋਂ ਅਸੀਂ ਹਿੰਦੀ ਅਤੇ ਅੰਗਰੇਜ਼ੀ ਫਿਲਮਾਂ ਵੱਲ ਦੇਖਦੇ ਹਾਂ ਤਾਂ ਉਥੇ ਅਨੇਕਾਂ ਕਲਾਕਾਰ ਪੰਜਾਬ ਅਤੇ ਪੰਜਾਬੀ ਧਰਾਤਲ ਵਿਚੋਂ ਗਏ ਹਨ। ਮਾਲਵਾ ਸਭਿਆਚਾਰਕ ਮੰਚ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ ਨੇ ਕਿਹਾ ਕਿ ਪੰਜਾਬੀ ਫਿਲਮਾਂ ਨੇ ਸਾਡੇ ਸਭਿਆਚਾਰ ਨੂੰ ਸੰਭਾਲਣ ਅਤੇ ਪਸਾਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ ਇਸੇ ਤਰਾਂ ਇਹ ਫਿਲਮ 'ਸਨੀ ਦੀ ਹਨੀ' ਸਾਰਥਿਕ ਸੁਨੇਹਾ ਦੇਣ ਵਿੱਚ ਕਾਮਯਾਬ ਹੋਈ ਹੈ । ਬਾਵਾ ਨੇ ਕਿਹਾ ਕਿ ਇਸ ਫਿਲਮ ਦੇ ਹੀਰੋ ਬਿਨੇ ਜੌੜਾ ਅਤੇ ਹੀਰੋਇਨ ਮੁਗਧਾ ਨੇ ਆਪਣੀ ਅਦਾਕਾਰੀ ਨਾਲ ਸਭ ਦੇ ਮਨ ਮੋਹੇ ਹਨ । ਭਵਿੱਖ ਦਾ ਇਸ ਮੌਕੇ ਫਿਲਮ ਦੇ ਡਾਇਰੈਕਟਰ ਮਨਜਿੰਦਰ ਸਿੰਘ ਦੇ ਨਾਲ ਫਿਲਮ ਦੇ ਹੀਰੋ ' ਬਿਨੇ ਜੌੜਾ ਅਤੇ ਕਲਾਕਾਰ ਰੁਪਿੰਦਰ ਰੂਪੀ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਫਿਲਮ 'ਸਨੀ ਦੀ ਹਨੀ' ਦਾ ਵਿਸ਼ੇਸ਼ ਸ਼ੋਅ ਵੀ ਦਿਖਾਇਆ ਗਿਆ ।ਇਸ ਸ਼ੋਅ ਉਪਰੰਤ ਫਾਉਂਡੇਸ਼ਨ ਦੇ ਪ੍ਰਧਾਨ ਰਾਜੀਵ ਕੁਮਾਰ ਲਵਲੀ ਨੇ ਸਭ ਦਾ ਸਵਾਗਤ ਕਰਦਿਆਂ ਕਿਹਾ ਕਿ ਚੰਗੇ ਸਮਾਜਕ ਸੁਨੇਹੇ ਦੇਣ ਵਾਲੀਆਂ ਫਿਲਮਾਂ ਦੀ ਸਾਨੂੰ ਲੋੜ ਹੈ ਇਸ ਲਈ ਅਸੀਂ ਸਨੀ ਦੀ ਹਨੀ ਫਿਲਮ ਨੂੰ ਜੀਅ ਆਇਆਂ ਆਖਦੇ ਹਾਂ।ਸ਼?ਰੀ ਲਵਲੀ ਨੇ ਫਿਲਮ ਦੇ ਨਿਰਮਾਤਾ, ਨਿਰਦੇਸ਼ਕ ਅਤੇ ਕਲਾਕਾਰਾਂ ਦੀ ਮਿਹਨਤ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਹ ਫਿਲਮ ਨੌਜਵਾਨ ਪੀੜੀ ਨੂੰ ਆਪਣੇ ਮਾਂ ਬਾਪ ਦੇ ਸਤਿਕਾਰ ਦਾ ਸੁਨੇਹਾ ਦਿੰਦੀ ਹੈ ।ਉਥੇ ਲੋਕ ਗਾਇਕ ਜਨਾਬ ਮੁਹੰਮਦ ਸਦੀਕ ਅਤੇ ਕਨੇਡਾ ਤੋਂ ਵਿਸ਼ੇਸ ਤੌਰ ਤੇ ਆਏ ਲੋਕ ਗਾਇਕ ਸਤਿੰਦਰਪਾਲ ਸਿੰਘ ਸਿੱਧਵਾਂ ਨੇ ਇਸ ਫਿਲਮ ਦੀ ਕਹਾਣੀ , ਨਿਰਦੇਸ਼ਨ ਅਤੇ ਅਦਾਕਾਰੀ ਸ਼ਲਾਘਾ ਕੀਤੀ। ਪ੍ਰੋਫੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਚੇਅਰਮੈਨ ਗੁਰਨਾਮ ਸਿੰਘ ਧਾਲੀਵਾਲ ਨੇ ਦੱਸਿਆ ਕਿ ਫਾਊਂਡੇਸ਼ਨ ਵੱਲੋਂ ਸ਼ੁਰੂ ਤੋਂ ਕਲਾਕਾਰਾਂ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ ਕਿਉਂਕਿ ਸ ਜਗਦੇਵ ਸਿੰਘ ਜੱਸੋਵਾਲ ਨੇ ਪੰਜਾਬੀ ਸਾਹਿਤ ਅਤੇ ਕਲਾਕਾਰਾਂ ਦੀ ਹਮੇਸ਼ਾ ਸਰਪ੍ਰਸਤੀ ਕੀਤੀ ਹੈ । ਉਹਨਾਂ ਨੇ ਇਸ ਮੌਕੇ ਮਲਕੀਤ ਸਿੰਘ ਦਾਖਾ , ਮੁਹੰਮਦ ਸਦੀਕ, ਕ੍ਰਿਸ਼ਨ ਕੁਮਾਰ ਬਾਵਾ ਅਤੇ ਸਮੂਹ ਕਲਾ ਪ੍ਰੇਮੀਆਂ ਦਾ ਧੰਨਵਾਦ ਕੀਤਾ।

# ਹਲਵਾਰਾ ਹਵਾਈ ਅੱਡੇ ਤੋਂ ਨੰਦੇੜ ਸਾਹਿਬ ਤੇ ਪਟਨਾ ਸਾਹਿਬ ਦੀ ਉਡਾਣ ਵੀ ਸ਼ੁਰੂ ਕਰੇ ਕੇਂਦਰ ਸਰਕਾਰ : ਸਲੂਜਾ

ਜ਼ਿਕਰ ਪੰਜਾਬ

**ਲੁਧਿਆਣਾ/ਅਸ਼ਵਨੀ ਅਹੂਜਾ**



ਹਲਵਾਰਾ ਹਵਾਈ ਅੱਡੇ ਤੋਂ ਕੇਂਦਰ ਸਰਕਾਰ ਨੰਦੇੜ ਤੇ ਪਟਨਾ ਸਾਹਿਬ ਦੀਆਂ ਉਡਾਣਾਂ ਦੀ ਵੀ ਸ਼ੁਰੂਆਤ ਕਰੇ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਉਘੇ ਸੋਸ਼ਲ ਆਗੂ ਤੇ ਪੰਜਾਬੀ ਵਿਕਾਸ ਮੰਚ ਦੇ ਪ੍ਰਧਾਨ ਸ ਜਤਿੰਦਰ ਪਾਲ ਸਿੰਘ ਸਲੂਜਾ ਨੇ ਮਾਡਲ ਟਾਊਨ ਵਿਖੇ ਕੀਤਾ। ਸ. ਸਲੂਜਾ ਨੇ ਲੁਧਿਆਣਾ ਵਾਸੀਆਂ ਦੀ ਚਿਰੋਕਣੀ ਮੰਗ ਹਲਵਾਰਾ ਹਵਾਈ ਅੱਡਾ ਚਾਲੂ ਕਰਨ ਤੇ ਜਿਥੇ ਕੇਂਦਰ ਸਰਕਾਰ ਦਾ ਧੰਨਵਾਦ ਕੀਤਾ ਉਥੇ ਕੇਂਦਰੀ ਹਵਾਬਾਜ਼ੀ ਮੰਤਰੀ ਰਾਮ ਮੋਹਨ ਨਾਇਡੂ ਨੂੰ ਵੀ ਅਪੀਲ ਕੀਤੀ ਕਿ ਇਸ ਹਵਾਈ ਅੱਡੇ ਤੋਂ ਦਿੱਲੀ ਦੀ ਉਡਾਨ ਸ਼ੁਰੂ ਹੋਣ ਜਾ ਰਹੀ ਹੈ ਜਿਸ ਨਾਲ ਮਾਲਵਾ ਇਲਾਕੇ ਤੇ ਖਾਸ ਕਰਕੇ ਉਦਯੋਗਿਕ ਸ਼ਹਿਰ ਲੁਧਿਆਣਾ ਨੂੰ ਬਹੁਤ ਫਾਇਦਾ ਹੋਵੇਗਾ ਉਨ੍ਹਾਂ ਕਿਹਾ ਕੇ ਇਸ ਦੇ ਨਾਲ ਹੀ ਮਾਲਵੇ ਦੀ ਸੰਗਤ ਵਾਸਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੇ ਤਖ਼ਤ ਸ੍ਰੀ ਪਟਨਾ ਸਾਹਿਬ ਵਾਸਤੇ ਵੀ ਉਡਾਣਾਂ ਸ਼ੁਰੂ ਕੀਤੀਆਂ ਜਾਣ ਕਿਉਂਕਿ ਰੇਲ ਦੇ ਸਫ਼ਰ ਵਿਚ ਕਈ ਦਿਨ ਲੱਗ ਜਾਂਦੇ ਹਨ ਤੇ ਭੀੜ ਵੀ ਬਹੁਤ ਹੁੰਦੀ ਹੈ ਜਿਸ ਨਾਲ ਬਜ਼ੁਰਗਾਂ ਤੇ ਵਪਾਰੀਆਂ ਨੂੰ ਬਹੁਤ ਮੁਸ਼ਕਿਲ ਆਉਂਦੀ ਹੈ ਸੋ ਉਪਰੋਕਤ ਸਮੱਸਿਆ ਨੂੰ ਮੁੱਖ ਰੱਖਦੇ ਹੋਏ ਦਿੱਲੀ ਦੀ ਉਡਾਣ ਦੇ ਨਾਲ ਨਾਲ ਨੰਦੇੜ ਤੇ ਪਟਨਾ ਸਾਹਿਬ ਦੀ ਉਡਾਨ ਵੀ ਵਾਜਿਬ ਰੇਟ ਤੇ ਸ਼ੁਰੂ ਕੀਤੀ ਜਾਵੇ ਤਾਂ ਕਿ ਤਖ਼ਤ ਸਾਹਿਬ ਦੇ ਦਰਸ਼ਨ ਕਰਨ ਲਈ ਸੰਗਤ ਨੂੰ ਆਸਾਨੀ ਹੋ ਸਕੇ।

# ਹਰ ਪਰਵਾਸੀ ਪੰਜਾਬੀ ਆਪਣੀ ਮਾਂ ਬੋਲੀ ਨਾਲ ਜੁੜਕੇ ਰਹਿਣਾ ਚਾਹੁੰਦਾ ਹੈ : ਗੁਰਜਤਿੰਦਰ ਰੰਧਾਵਾ

ਜ਼ਿਕਰ ਪੰਜਾਬ

**ਲੁਧਿਆਣਾ/ਤਮੰਨਾ ਬੇਦੀ**



ਅਮਰੀਕਾ ਵਸਦੇ ਉਘੇ ਪੰਜਾਬੀ ਪੱਤਰਕਾਰ, ਲੇਖਕ ਅਤੇ ਚਿੰਤਕ ਗੁਰਜਤਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਬੇਸ਼ੱਕ ਪਰਵਾਸੀਆਂ ਨੂੰ ਰੁਜ਼ਗਾਰ ਲਈ ਅੰਗਰੇਜ਼ੀ ਜਾਂ ਹੋਰ ਵਿਦੇਸ਼ੀ ਭਾਸ਼ਾਵਾਂ ਬੋਲਣੀਆਂ ਪੈਂਦੀਆਂ ਹਨ ਹਰ ਪਰਵਾਸੀ ਪੰਜਾਬੀ ਆਪਣੀ ਮਾਂ ਬੋਲੀ ਨਾਲ ਜੁੜਕੇ ਰਹਿਣਾ ਚਾਹੁੰਦਾ ਅਤੇ ਹਮੇਸ਼ਾ ਜੁੜਕੇ ਰਹਿੰਦਾ ਹੈ ।ਅੱਜ ਇਥੇ ਮਾਲਵਾ ਰੰਗਮੰਚ ਪੰਜਾਬ ਵੱਲੋਂ ਆਯੋਜਿਤ ਇੱਕ ਵਿਸ਼ੇਸ ਸਮਾਗਮ ਵਿੱਚ ਪੰਜਾਬੀ ਲੇਖਕਾਂ, ਰੰਗਕਰਮੀਆਂ ਅਤੇ ਸਾਹਿਤ ਪ੍ਰੇਮੀਆਂ ਦੇ ਰੂ ਬਰੂ ਹੁੰਦਿਆਂ ਸ਼?ਰੀ ਰੰਧਾਵਾ ਨੇ ਕਿਹਾ ਕਿ ਇਸ ਵੇਲੇ ਵਿਦੇਸ਼ਾਂ ਵਿੱਚ ਪੰਜਾਬੀਆਂ ਅਤੇ ਪੰਜਾਬੀ ਬੋਲੀ ਦਾ ਪੂਰੀ ਤਰਾਂ ਬੋਲ ਬਾਲਾ ਹੈ ਅਤੇ ਅਸੀਂ ਉਹਨਾਂ ਵਿਕਸਤ ਮੁਲਕਾਂ ਦੀ ਹਰ ਸਰੋਕਾਰ ਵਿੱਚ ਥਿਰ ਬਣੇ ਹੋਏ ਹਾਂ । ਰੰਧਾਵਾ ਨੇ ਕਿਹਾ ਕਿ ਇਹ ਗੱਲ ਮਾਣ ਵਾਲੀ ਹੈ ਕਿ ਦੁਨੀਆਂ ਵੱਡੇ ਏਅਰਪੋਰਟਾਂ ਸਮੇਤ ਵਪਾਰਕ ਅਦਾਰਿਆਂ ਤੇ ਪੰਜਾਬੀ ਵਿੱਚ ਬੋਰਡ ਲੱਗੇ ਹੋਏ ਹਨ। ਰੰਧਾਵਾ ਨੇ ਭਾਵੁਕ ਹੁੰਦਿਆਂ ਕਿਹਾ ਕਿ ਹਰ ਪੰਜਾਬੀ ਪਰਵਾਸੀ ਇਹ ਵੀ ਚਾਹੁੰਦਾ ਹੈ ਕਿ ਉਸਦੇ ਬੱਚੇ ਆਪਣੀ ਮਾਂ ਬੋਲੀ ਪੰਜਾਬੀ , ਧਰਤੀ ਅਤੇ ਸਭਿਅਚਾਰ ਨਾਲ ਮੋਹ ਰੱਖੇ ਅਤੇ ਆਪਣੀਆਂ ਤੰਦਾਂ ਜੋੜੀ ਰੱਖੇ। ਸਮਾਗਮ ਦੌਰਾਨ ਸਭ ਦਾ ਸਵਾਗਤ ਕਰਦਿਆਂ ਮਾਲਵਾ ਰੰਗਮੰਚ ਦੇ ਸਕੱਤਰ ਪ੍ਰੋਫੈਸਰ ਨਿਰਮਲ ਜੌੜਾ ਨੇ ਦੱਸਿਆ ਆਪਣੀ ਮਿਹਨਤ ਅਤੇ ਲਗਨ ਸਦਕਾ ਗੁਰਜਤਿੰਦਰ ਸਿੰਘ ਰੰਧਾਵਾ ਨੇ ਪੱਤਰਕਾਰੀ ਦੇ ਖੇਤਰ ਵਿੱਚ ਅਹਿਮ ਸਥਾਨ ਬਣਾਇਆ ਹੈ। ਪ੍ਰੋ ਨਿਰਮਲ ਜੌੜਾ ਕਿਹਾ ਸਾਡੀ ਭਾਸ਼ਾ ਹੀ ਸਾਨੂੰ ਦੁਨੀਆਂ ਤੇ ਪਹਿਚਾਣ ਦਵਾਉਂਦੀ ਹੈ ਜਿਸ ਕਰਕੇ ਵਿਸ਼ਵ ਵਿੱਚ ਪੰਜਾਬੀਅਤ ਦਾ ਝੰਡਾ ਝੁੱਲ ਰਿਹਾ ਹੈ। ਮਾਲਵਾ ਰੰਗਮੰਚ ਦੇ ਸਕੱਤਰ ਦੇ ਚੇਅਰਮੈਨ ਪ੍ਰੋ ਜਲੌਰ ਸਿੰਘ ਖੀਵਾ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਸਾਡੇ ਬੁਧੀਜੀਵੀਆਂ ਦਾ ਆਪਣੀ ਧਰਤੀ ਅਤੇ ਸਭਿਆਚਾਰ ਨਾਲ ਜੁੜਕੇ ਰਹਿਣਾ ਪੰਜਾਬ ਲਈ ਸਕੂਨ ਵਾਲੀ ਗੱਲ ਹੈ । ਮਾਲਵਾ ਰੰਗਮੰਚ ਵੱਲੋਂ ਗੁਰਜਤਿੰਦਰ ਰੰਧਾਵਾ ਦਾ ਸਨਾਮਣ ਕੀਤਾ ਗਿਆ।ਰਵਿੰਦਰ ਰੰਗੂਵਾਲ ਨੇ ਸਭ ਦਾ ਧੰਨਵਾਦ ਕੀਤਾ।

# ਵਿਧਾਇਕ ਅਸ਼ੋਕ ਪਰਾਸ਼ਰ ਨੇ ਸੈਂਟਰਲ ਹਲਕੇ ਵਿੱਚ 3.10 ਕਰੋੜ ਰੁਪਏ ਦੇ ਵੱਡੇ ਸੜਕ ਨਿਰਮਾਣ ਪ੍ਰੋਜੈਕਟਾਂ ਦੀ ਕੀਤੀ ਸ਼ੁਰੂਆਤ

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**



ਸੜਕਾਂ ਦੇ ਬੁਨਿਆਦੀ ਢਾਂਚੇ ਨੂੰ ਵੱਡਾ ਹੁਲਾਰਾ ਦਿੰਦੇ ਹੋਏ, ਲੁਧਿਆਣਾ ਸੈਂਟਰਲ ਦੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੇ ਸ਼ੁੱਕਰਵਾਰ ਨੂੰ ਹਲਕੇ ਦੇ ਵੱਖ-ਵੱਖ ਇਲਾਕਿਆਂ ਲਈ ਲਗਭਗ 3.10 ਕਰੋੜ ਰੁਪਏ ਦੇ ਵੱਡੇ ਸੜਕ ਨਿਰਮਾਣ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ। ਵੱਡੀ ਗਿਣਤੀ ਵਿੱਚ ਵਸਨੀਕਾਂ ਅਤੇ ਵਲੰਟੀਅਰਾਂ ਦੇ ਨਾਲ, ਵਿਧਾਇਕ ਪਰਾਸ਼ਰ ਨੇ ਵਾਰਡ ਨੰਬਰ 74 ਤੋਂ ਪ੍ਰੋਜੈਕਟਾਂ ਦੀ ਸ਼ੁਰੂਆਤ ਕੀਤੀ। ਵਿਧਾਇਕ ਪਰਾਸ਼ਰ ਨੇ ਦੱਸਿਆ ਕਿ ਇਸ ਪ੍ਰੋਜੈਕਟ ਦੇ ਤਹਿਤ ਪੁਰਾਣੀ ਜੀ.ਟੀ ਰੋਡ (ਜਗਰਾਉਂ ਪੁਲ ਤੋਂ ਢੋਲੇਵਾਲ ਚੌਂਕ ਤੱਕ) ਦੇ ਦੋਵੇਂ ਪਾਸੇ ਸਰਵਿਸ ਲੇਨਾਂ ਦੀ ਉਸਾਰੀ ਵੀ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਇਸ ਪ੍ਰੋਜੈਕਟ ਵਿੱਚ ਨਿਰੰਕਾਰੀ ਮੁਹੱਲਾ ਅਤੇ ਹਲਕੇ ਦੇ ਹੋਰ ਇਲਾਕਿਆਂ ਵਿੱਚ ਗਲੀਆਂ ਦੀ ਉਸਾਰੀ ਵੀ ਸ਼ਾਮਲ ਹੈ। ਵਿਧਾਇਕ ਪਰਾਸ਼ਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਕੰਮ ਕਰਦੇ ਹੋਏ, ਉਹ ਹਲਕੇ ਦੇ ਸਰਵਪੱਖੀ ਵਿਕਾਸ ਲਈ ਕੰਮ ਕਰ ਰਹੇ ਹਨ ਅਤੇ ਹਲਕੇ ਵਿੱਚ ਵੱਡੀ ਗਿਣਤੀ ਵਿੱਚ ਵਿਕਾਸ ਪ੍ਰੋਜੈਕਟ ਕੀਤੇ ਜਾ ਰਹੇ ਹਨ। ਵਿਧਾਇਕ ਪਰਾਸ਼ਰ ਨੇ ਅੱਗੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਕਰੋੜਾਂ ਰੁਪਏ ਦੇ ਅਜਿਹੇ ਹੋਰ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ ਅਤੇ ਜਨਤਾ ਦੀ ਸਹੂਲਤ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ।

# ਮਈ ਦੇ ਮੱਧ ਵਿੱਚ ਸ਼ੁਰੂ ਹੋਵੇਗੀ ਰਿਹਾਇਸ਼ ਗਣਨਾ

ਜ਼ਿਕਰ ਪੰਜਾਬ

**ਲੁਧਿਆਣਾ/ਅਸ਼ਵਨੀ ਅਹੂਜਾ**

ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਜਨਗਣਨਾ (ਰਾਸ਼ਟਰੀ ਜਨਗਣਨਾ 2027 ਦਾ ਪਹਿਲਾ ਪੜਾਅ) ਅਧੀਨ ਆਉਣ ਵਾਲੇ ਘਰਾਂ ਦੀ ਸੂਚੀ ਅਤੇ ਰਿਹਾਇਸ਼ ਪੜਾਅ ਲਈ ਸਮਾਂ-ਸਾਰਣੀ ਨੂੰ ਸੂਚਿਤ ਕਰਨ ਦੇ ਨਾਲ, ਸਥਾਨਕ ਅਧਿਕਾਰੀ ਹੁਣ ਰਿਹਾਇਸ਼ ਗਣਨਾ ਦੌਰਾਨ ਵਸਨੀਕਾਂ ਤੋਂ ਪੁੱਛੇ ਜਾਣ ਵਾਲੇ 33 ਸਵਾਲਾਂ ਬਾਰੇ ਲੋਕਾਂ ਵਿੱਚ ਜਾਗਰੂਕਤਾ ਫੈਲਾ ਰਹੇ ਹਨ। ਸਵਾਲਾਂ ਦੀ ਸੂਚੀ ਕੇਂਦਰੀ ਮੰਤਰਾਲੇ ਦੁਆਰਾ ਜਾਰੀ ਕੀਤੀ ਗਈ ਹੈ ਅਤੇ ਰਿਹਾਇਸ਼ ਗਣਨਾ (ਜਨਗਣਨਾ ਦਾ ਪਹਿਲਾ ਪੜਾਅ) ਮਈ ਦੇ ਮੱਧ ਵਿੱਚ ਰਾਜ ਵਿੱਚ ਸ਼ੁਰੂ ਹੋਵੇਗੀ। ਪ੍ਰਸ਼ਨਾਂ ਵਿੱਚ ਇਮਾਰਤ ਨੰਬਰ (ਨਗਰ ਪਾਲਿਕਾ ਜਾਂ ਸਥਾਨਕ ਅਥਾਰਟੀ ਜਾਂ ਜਨਗਣਨਾ ਨੰਬਰ), ਜਨਗਣਨਾ ਘਰ ਨੰਬਰ, ਜਨਗਣਨਾ ਘਰ ਦੇ ਫਰਸ਼ ਦੀ ਪ੍ਰਮੁੱਖ ਸਮੱਗਰੀ, ਜਨਗਣਨਾ ਘਰ ਦੀ ਕੰਧ ਦੀ ਪ੍ਰਮੁੱਖ ਸਮੱਗਰੀ, ਜਨਗਣਨਾ ਘਰ ਦੀ ਛੱਤ ਦੀ ਪ੍ਰਮੁੱਖ ਸਮੱਗਰੀ, ਜਨਗਣਨਾ ਘਰ ਦੀ ਨਿਸ਼ਚਤ ਵਰਤੋਂ ਦਾ ਪਤਾ ਲਗਾਉਣਾ, ਜਨਗਣਨਾ ਘਰ ਦੀ ਸਥਿਤੀ ਅਤੇ ਘਰੇਲੂ ਨੰਬਰ ਸ਼ਾਮਲ ਹਨ। ਇਸ ਤੋਂ ਇਲਾਵਾ, ਵਸਨੀਕਾਂ ਤੋਂ ਘਰ ਵਿੱਚ ਆਮ ਤੌਰ 'ਤੇ ਰਹਿਣ ਵਾਲੇ ਵਿਅਕਤੀਆਂ ਦੀ ਕੁੱਲ ਗਿਣਤੀ, ਪਰਿਵਾਰ ਦੇ ਮੁਖੀ ਦਾ ਨਾਮ, ਘਰ ਦੇ ਮੁਖੀ ਦਾ ਲਿੰਗ, ਕੀ ਘਰ ਦਾ ਮੁਖੀ ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ/ਹੋਰ ਨਾਲ ਸਬੰਧਤ ਹੈ, ਜਨਗਣਨਾ ਘਰ ਦੀ

**■ ਨਿਵਾਸੀਆਂ ਤੋਂ ਕੇਂਦਰੀ ਮੰਤਰਾਲੇ ਦੁਆਰਾ ਸੂਚੀਬੱਧ 33 ਸਵਾਲ ਪੁੱਛੇ ਜਾਣਗੇ**

ਮਾਲਕੀ ਸਥਿਤੀ, ਘਰਦਿਆਂ ਦੇ ਕਬਜ਼ੇ ਵਿੱਚ ਵਿਸ਼ੇਸ਼ ਤੌਰ 'ਤੇ ਰਹਿਣ ਵਾਲੇ ਕਮਰਿਆਂ ਦੀ ਗਿਣਤੀ, ਘਰ ਵਿੱਚ ਰਹਿਣ ਵਾਲੇ ਵਿਆਹੇ ਜੋੜਿਆਂ ਦੀ ਗਿਣਤੀ ਬਾਰੇ ਵੀ ਪੁੱਛਿਆ ਜਾਵੇਗਾ। ਹੋਰ ਸਵਾਲਾਂ ਵਿੱਚ ਪੀਣ ਵਾਲੇ ਪਾਣੀ ਦਾ ਮੁੱਖ ਸਰੋਤ, ਪੀਣ ਵਾਲੇ ਪਾਣੀ ਦੇ ਸਰੋਤ ਦੀ ਉਪਲਬਧਤਾ, ਰੋਸ਼ਨੀ ਦਾ ਮੁੱਖ ਸਰੋਤ, ਪਖਾਨੇ ਤੱਕ ਪਹੁੰਚ, ਪਖਾਨੇ ਦੀ ਕਿਸਮ, ਗੰਦੇ ਪਾਣੀ ਦੇ ਨਿਕਾਸ, ਨਹਾਉਣ ਦੀ ਸਹੂਲਤ ਦੀ ਉਪਲਬਧਤਾ, ਰਸੋਈ ਅਤੇ ਐਲ.ਪੀ.ਜੀ/ਪੀ.ਐਨ.ਜੀ ਕਨੈਕਸ਼ਨ ਦੀ ਉਪਲਬਧਤਾ, ਖਾਣਾ ਪਕਾਉਣ ਲਈ ਵਰਤਿਆ ਜਾਣ ਵਾਲਾ ਮੁੱਖ ਬਾਲਣ, ਰੇਡੀਓ/ਟ੍ਰਾਂਜ਼ਿਸਟਰ, ਟੈਲੀਵਿਜ਼ਨ, ਇੰਟਰਨੈੱਟ ਤੱਕ ਪਹੁੰਚ, ਲੈਪਟਾਪ/ ਕੰਪਿਊਟਰ, ਟੈਲੀਫ਼ੋਨ/ ਮੋਬਾਈਲ ਫ਼ੋਨ/ ਸਮਾਰਟਫ਼ੋਨ, ਸਾਈਕਲ/ ਸਕੂਟਰ/ ਮੋਟਰਸਾਈਕਲ/ ਮੋਪੇਡ, ਕਾਰ/ ਜੀਪ/ ਵੈਨ, ਘਰ ਵਿੱਚ ਖਪਤ ਹੋਣ ਵਾਲਾ ਮੁੱਖ ਅਨਾਜ ਅਤੇ ਮੋਬਾਈਲ ਨੰਬਰ (ਸਿਰਫ਼ ਜਨਗਣਨਾ ਨਾਲ ਸਬੰਧਤ ਸੰਚਾਰ ਲਈ) ਸ਼ਾਮਲ ਹਨ। ਸਥਾਨਕ ਅਧਿਕਾਰੀਆਂ ਨੇ ਕਿਹਾ ਕਿ ਜਨਗਣਨਾ ਯੋਜਨਾਬੰਦੀ ਅਤੇ ਵਿਕਾਸ ਲਈ ਇੱਕ ਜ਼ਰੂਰੀ ਸਾਧਨ ਹੈ, ਜੋ ਆਉਣ ਵਾਲੇ ਸਾਲਾਂ ਲਈ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਆਕਾਰ ਦੇਣ ਵਾਲੀਆਂ ਸੂਝਾਂ ਪ੍ਰਦਾਨ ਕਰਦੀ ਹੈ। ਨਾਗਰਿਕਾਂ ਨੂੰ ਸਹੀ ਅਤੇ ਭਰੋਸੇਮੰਦ ਡੇਟਾ ਸੰਗ੍ਰਹਿ ਨੂੰ ਯਕੀਨੀ ਬਣਾਉਣ ਲਈ ਗਿਣਤੀਕਾਰਾਂ (ਸਰਵੇਖਣ ਟੀਮਾਂ) ਨਾਲ ਪੂਰਾ ਸਹਿਯੋਗ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।



# ਵਿਧਾਇਕ ਬੱਗਾ ਨੇ ਖ਼ਜੂਰ ਚੌਂਕ 'ਚ ਸੜਕ ਨਿਰਮਾਣ ਕਾਰਜਾਂ ਦਾ ਕੀਤਾ ਉਦਘਾਟਨ

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**

ਹਲਕੇ ਦੇ ਵਸਨੀਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਦੇ ਮੰਤਵ ਨਾਲ, ਵਿਧਾਨ ਸਭਾ ਹਲਕਾ ਲੁਧਿਆਣਾ ਉੱਤਰੀ ਤੋਂ ਵਿਧਾਇਕ ਮਦਨ ਲਾਲ ਬੱਗਾ ਵਲੋਂ ਵਾਰਡ ਨੰਬਰ 95 ਅਧੀਨ ਖ਼ਜੂਰ ਚੌਂਕ ਵਿਖੇ ਮੁੱਖ ਸੜਕ ਦੇ ਨਿਰਮਾਣ ਕਾਰਜ਼ਾਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਕੌਂਸਲਰ ਅਮਨ ਬੱਗਾ, ਅਸ਼ੋਕ ਕੁਮਾਰ, ਨਗਰ ਨਿਗਮ ਦੇ ਸੀਨੀਅਰ ਅਧਿਕਾਰੀਆਂ ਤੋਂ ਇਲਾਵਾ ਬਹੁਗਿਣਤੀ ਇਲਾਕਾ ਨਿਵਾਸੀ ਵੀ ਮੌਜੂਦ ਸਨ। ਵਿਧਾਇਕ ਬੱਗਾ ਨੇ ਦੱਸਿਆ ਕਿ ਉਨ੍ਹਾਂ ਇਸ ਇਲਾਕੇ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਉਨ੍ਹਾਂ ਨੂੰ ਬੁਨਿਆਦੀ ਸਹੂਲਤਾਂ ਪਹਿਲਾ ਦੇ ਆਧਾਰ 'ਤੇ ਮੁਹੱਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਵਸਨੀਕਾਂ ਦੀ ਮੰਗ ਅਨੁਸਾਰ ਬੱਚਿਆਂ ਦੀ ਪੜਾਈ ਲਈ ਚੰਗੇ ਸਕੂਲ, ਸਿਹਤ ਸਹੂਲਤਾਂ ਲਈ ਆਮ ਆਦਮੀ ਕਲੀਨਿਕ ਅਤੇ ਇਲਾਕੇ ਨੂੰ ਸਾਫ ਸੁਥਰਾ ਅਤੇ ਹਰਿਆ ਭਰਿਆ ਰੱਖਣ ਲਈ ਨਵੇਂ ਪਾਰਕ ਅਤੇ ਹੋਰ ਪਾਰਕਾਂ ਦੇ ਨਵੀਨੀਕਰਣ 'ਤੇ ਜ਼ੋਰ ਦਿੱਤਾ। ਹਲਕਾ ਲੁਧਿਆਣਾ ਉੱਤਰੀ ਨੂੰ ਵਿਕਾਸ ਪੱਖੋਂ ਮੋਹਰੀ ਬਣਾਉਣ ਦੀ ਵਚਨਬੱਧਤਾ ਦੁਹਰਾਉਂਦੇ ਹੋਏ ਵਿਧਾਇਕ ਬੱਗਾ ਅਤੇ ਉਨ੍ਹਾ ਦੀ ਟੀਮ ਨੇ ਕਿਹਾ ਕਿ ਸੜਕ ਦਾ ਨਿਰਮਾਣ ਜੰਗੀ ਪੱਧਰ 'ਤੇ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਾਡੀ ਕੋਸ਼ਿਸ਼ ਹੈ ਕਿ ਹਲਕੇ ਵਿੱਚ ਕੋਈ ਸੜਕ ਮੁਰੰਮਤ ਤੋਂ ਵਾਂਝੀ ਨਾ ਰਹੇ। ਉਨ੍ਹਾ ਕਿਹਾ ਕਿ ਪਿੰਡਾਂ ਦੇ ਨਾਲ ਸ਼ਹਿਰਾਂ ਦੇ ਵਿੱਚ ਵੀ ਸੜਕ ਕੁਨੈਕਟੀਵਿਟੀ ਨੂੰ ਚੰਗਾ ਬਣਾਉਣ ਦੇ ਲਈ ਲਗਾਤਾਰ ਸਾਡੀ ਸਰਕਾਰ ਵੱਲੋਂ ਯਤਨ ਕੀਤੇ ਜਾ ਰਹੇ ਹਨ।

# ਜਲੰਧਰ ਕੈਂਟ ਵਿੱਚ ਸਰਕਲ ਜਥੇਦਾਰਾਂ ਦੀ ਇਤਿਹਾਸਕ ਨਿਯੁਕਤੀ

**➤ ਵਫ਼ਾਦਾਰ ਸਿਪਾਹੀਆਂ ਨੂੰ ਸਨਮਾਨ, 2027 ਲਈ ਅਕਾਲੀ ਦਲ ਦਾ ਗ੍ਰਾਫ ਚੜ੍ਹਤ 'ਤੇ**

ਜ਼ਿਕਰ ਪੰਜਾਬ

**ਜਲੰਧਰ/ਬਲਵਿੰਦਰ ਕੁਮਾਰ**

ਜਲੰਧਰ ਕੈਂਟ ਹਲਕੇ ਵਿੱਚ ਪਾਰਟੀ ਢਾਂਚੇ ਨੂੰ ਨਵੀਂ ਤਾਕਤ ਅਤੇ ਨਵੇਂ ਜੋਸ਼ ਨਾਲ ਮਜ਼ਬੂਤ ਕਰਨ ਵੱਲ ਇੱਕ ਇਤਿਹਾਸਕ ਕਦਮ ਚੁੱਕਿਆ ਗਿਆ ਹੈ। ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੀਆਂ ਸਪੱਸ਼ਟ ਹਦਾਇਤਾਂ ਅਨੁਸਾਰ ਉਨ੍ਹਾਂ ਆਗੂਆਂ ਨੂੰ ਸਰਕਲ ਜਥੇਦਾਰ ਵਜੋਂ ਨਿਯੁਕਤ ਕੀਤਾ ਗਿਆ ਹੈ ਜਿਨ੍ਹਾਂ ਨੇ ਸਭ ਤੋਂ ਨਾਜ਼ੁਕ ਅਤੇ ਚੁਣੌਤੀਭਰੇ ਸਮਿਆਂ ਵਿੱਚ ਵੀ ਪਾਰਟੀ ਦਾ ਝੰਡਾ ਥੱਲੇ ਨਹੀਂ ਡਿੱਗਣ ਦਿੱਤਾ। ਇਹ ਨਿਯੁਕਤੀਆਂ ਸਿਰਫ਼ ਅਹੁਦੇ ਨਹੀਂ, ਸਗੋਂ ਸਾਲਾਂ ਦੀ ਨਿਭਾਈ ਵਫ਼ਾਦਾਰੀ, ਮਿਹਨਤ ਅਤੇ ਜੜ੍ਹਾਂ ਤੱਕ ਕੀਤੀ ਸੇਵਾ ਦਾ ਸਨਮਾਨ ਹਨ। ਹਰ ਨਵੇਂ ਜਥੇਦਾਰ ਨੇ ਆਪਣੇ ਖੇਤਰ ਵਿੱਚ ਪਾਰਟੀ ਲਈ ਦਿਨ-ਰਾਤ ਇੱਕ ਕਰਕੇ ਕੰਮ ਕੀਤਾ ਹੈ ਅਤੇ ਵਰਕਰਾਂ ਨੂੰ ਜੋੜ ਕੇ ਰੱਖਿਆ ਹੈ ਇਸ ਮੌਕੇ ਜਥੇਦਾਰ ਸੁਖਦੇਵ ਸਿੰਘ ਨੂੰ ਫਤਿਹਪੁਰ-ਪ੍ਰਤਾਬਪੁਰਾ ਸਰਕਲ, ਜਥੇਦਾਰ ਬਲਰਾਜ ਸਿੰਘ ਜੋਹਲ ਨੂੰ ਜੰਡਿਆਲਾ ਸਰਕਲ, ਜਥੇਦਾਰ ਰਣਧੀਰ ਸਿੰਘ ਬਾਹੀਆ ਨੂੰ ਜਮਸ਼ੇਰ ਸਰਕਲ, ਸੁਮਿਤ ਧੀਰ ਨੂੰ ਕੈਂਟ ਸਰਕਲ, ਰਾਮ ਸਰੂਪ ਨੂੰ ਗੜ੍ਹਾ ਸਰਕਲ 1, ਕੰਵਲਜੀਤ ਸਿੰਘ ਲੱਕੀ ਨੂੰ ਗੜ੍ਹ ਸਰਕਲ 2, ਹਰਪ੍ਰੀਤ ਸਿੰਘ ਸਚਦੇਵਾ ਨੂੰ ਅਰਬਨ ਐਸਟੇਟ ਸਰਕਲ, ਕੁਲਬੀਰ ਢਿੱਲੋਂ ਨੂੰ ਸੁਭਾਨਾ ਸਰਕਲ, ਕੈਪਟਨ ਗੁਰਨਾਮ ਸਿੰਘ ਨੂੰ ਦੀਪ ਨਗਰ ਸਰਕਲ, ਰਮਿਤ ਕੌਲ ਨੂੰ ਬੂਟਾ ਮੰਡੀ ਸਰਕਲ, ਲੰਬਰਦਾਰ ਸਾਹਿਬ ਨੂੰ ਸੋਫੀ ਪਿੰਡ ਸਰਕਲ, ਹਰਵਿੰਦਰ ਸਿੰਘ ਬੱਬੀ ਨੂੰ ਖੁਰਲਾ ਕਿੰਗਰਾ ਸਰਕਲ (ਵਾਰਡ 36) ਜਥੇਦਾਰ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਮੰਦੀਪ ਅਰੋੜਾ ਮੁੱਖ ਬੁਲਾਰਾ ਅਤੇ ਗੁਰਵਿੰਦ ਸਿੰਘ ਨੂੰ ਗੜ੍ਹਾ ਸਰਕਲ ਪ੍ਰਭਾਰੀ ਨਿਯੁਕਤ ਕੀਤਾ ਗਿਆ ਹੈ। ਹਰ ਇਕ ਆਗੂ ਨੇ ਇਹ ਸੰਕਲਪ ਲਿਆ ਹੈ ਕਿ ਉਹ ਬੂਥ ਪੱਧਰ ਤੱਕ ਸੰਗਠਨ ਨੂੰ ਮਜ਼ਬੂਤ ਕਰੇਗਾ ਅਤੇ ਲੋਕਾਂ ਦੀ ਆਵਾਜ਼ ਬਣੇਗਾ। ਜਲੰਧਰ ਕੈਂਟ ਵਿੱਚ ਪਾਰਟੀ ਦਾ ਗ੍ਰਾਫ ਲਗਾਤਾਰ ਉੱਪਰ ਵਧ ਰਿਹਾ ਹੈ। ਜਨਤਾ ਵਿੱਚ 2027 ਲਈ ਖੇਤਰੀ ਪਾਰਟੀ ਵਜੋਂ ਅਕਾਲੀ ਦਲ ਲਈ ਵੱਡੀ ਉਮੀਦ ਅਤੇ ਨਿਸ਼ਚਯ ਦਿਖਾਈ ਦੇ ਰਿਹਾ ਹੈ। ਹਲਕਾ ਇੰਚਾਰਜ ਹਰਜਾਪ ਸਿੰਘ ਸੰਘਾ ਨੇ ਕਿਹਾ ਕਿ ਜਲੰਧਰ ਕੈਂਟ ਦੀ ਧਰਤੀ ਤੋਂ ਪਾਰਟੀ ਨੂੰ ਨਵੀਂ ਰਫ਼ਤਾਰ ਮਿਲ ਰਹੀ ਹੈ। ਵਰਕਰਾਂ ਦਾ ਜੋਸ਼, ਜਨਤਾ ਦਾ ਭਰੋਸਾ ਅਤੇ ਨੇਤ੍ਰਿਤਵ ਦੀ ਸਪਸ਼ਟ ਦਿਸ਼ਾ ਇਹ ਤਿੰਨੋਂ ਮਿਲ ਕੇ 2027 ਵਿੱਚ ਵੱਡੇ ਬਦਲਾਵ ਦੀ ਬੁਨਿਆਦ ਰੱਖ ਰਹੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਵਿੱਚ ਹਰ ਵਰਕਰ ਨੂੰ ਉਸਦਾ ਯੋਗ ਸਨਮਾਨ ਮਿਲੇਗਾ ਅਤੇ ਹੋਰ ਮਹੱਤਵਪੂਰਨ ਅਹੁਦਿਆਂ ਦਾ ਐਲਾਨ ਜਲਦੀ ਕੀਤਾ ਜਾਵੇਗਾ। ਸਾਰੇ ਨਿਯੁਕਤ ਆਗੂਆਂ ਨੇ ਇਕ ਸੁਰ ਵਿੱਚ ਕਿਹਾ ਕਿ ਉਹ ਪਾਰਟੀ ਨੂੰ ਜੜ੍ਹ ਤੋਂ ਮਜ਼ਬੂਤ ਕਰਕੇ 2027 ਵਿੱਚ ਅਕਾਲੀ ਦਲ ਦੀ ਸਰਕਾਰ ਬਣਾਉਣ ਲਈ ਪੂਰੀ ਤਾਕਤ ਨਾਲ ਮੈਦਾਨ ਵਿੱਚ ਉਤਰਣਗੇ।





# ਸੰਨ ਫਾਊਂਡੇਸ਼ਨ ਮਲਟੀ ਸਕਿਲ ਡਿਵੈਲਪਮੈਂਟ ਸੈਂਟਰ ਲੁਧਿਆਣਾ ਵੱਲੋਂ ਫਾਊਂਡਰਜ਼ ਡੇ ਮਨਾਇਆ

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**



ਸੰਨ ਫਾਊਂਡੇਸ਼ਨ ਨੇ ਆਪਣੇ ਮਲਟੀ ਸਕਿਲ ਡਿਵੈਲਪਮੈਂਟ ਸੈਂਟਰ, ਲੁਧਿਆਣਾ ਵਿੱਚ ਫਾਊਂਡਰਜ਼ ਡੇ ਮਨਾਇਆ। ਇਸ ਮੌਕੇ 'ਤੇ 1999 ਤੋਂ ਅੱਜ ਤੱਕ ਦੀ ਯਾਤਰਾ ਨੂੰ ਯਾਦ ਕਰਦਿਆਂ ਸਕਿਲਿੰਗ, ਸਸ਼ਕਤੀਕਰਨ ਅਤੇ ਮਨੁੱਖਤਾ-ਕੇਂਦਰਿਤ ਵਿਕਾਸ ਪ੍ਰਤੀ ਵਚਨਬੱਧਤਾ ਦੁਹਰਾਈ ਗਈ। ਸਮਾਗਮ ਵਿੱਚ ਲੁਧਿਆਣਾ ਦੀ ਮੇਅਰ ਇੰਦਰਜੀਤ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਈਆਂ। ਉਨ੍ਹਾਂ ਦੇ ਨਾਲ ਸ਼੍ਰੀ ਗੁਰਦੇਵ ਸਿੰਘ, ਏਸੀਪੀ ਲੁਧਿਆਣਾ ਅਤੇ ਹੋਰ ਮਾਣਯੋਗ ਮਹਿਮਾਨ ਵੀ ਹਾਜ਼ਰ ਰਹੇ। ਲਗਭਗ 500 ਟ੍ਰੇਨੀਜ਼ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਲਾਈਵ ਡੈਮੋਨਸਟ੍ਰੇਸ਼ਨ, ਨਵੀਂ ਸੋਚ ਵਾਲੇ ਮਾਡਲਾਂ ਅਤੇ ਤਕਨੀਕੀ ਪ੍ਰਦਰਸ਼ਨਾਂ ਰਾਹੀਂ ਆਪਣੇ ਵਿਹਾਰਕ ਅਤੇ ਉਦਯੋਗ-ਸੰਬੰਧਿਤ ਹੁਨਰਾਂ ਦੀ ਪੇਸ਼ਕਸ਼ ਕੀਤੀ। ਸੰਨ ਫਾਊਂਡੇਸ਼ਨ , ਹੇਠ ਡਾ. ਵਿਕਰਮਜੀਤ ਸਿੰਘ ਸਾਹਨੇ, ਪਦਮ ਸ਼੍ਰੀ ਅਤੇ ਸੰਸਦ ਮੈਂਬਰ (ਰਾਜਯ ਸਭਾ), ਦੀ ਅਗਵਾਈ ਵਿੱਚ ਰੋਜ਼ਗਾਰ ਅਤੇ ਆਜੀਵਿਕਾ ਦੇ ਮੌਕਿਆਂ ਨੂੰ ਅੱਗੇ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਪਿਛਲੇ ਇੱਕ ਸਾਲ ਵਿੱਚ ਫਾਊਂਡੇਸ਼ਨ ਨੇ ਵੱਖ-ਵੱਖ ਖੇਤਰਾਂ ਵਿੱਚ 5,460 ਤੋਂ ਵੱਧ ਵਿਦਿਆਰਥੀਆਂ ਨੂੰ ਟ੍ਰੇਨਿੰਗ ਦੇ ਕੇ ਸਫਲ ਪਲੇਸਮੈਂਟ ਪ੍ਰਦਾਨ ਕੀਤੀ। ਸੰਸਥਾ ਪਟਿਆਲਾ, ਅੰਮ੍ਰਿਤਸਰ ਅਤੇ ਦਿੱਲੀ ਵਿੱਚ ਮੁਫ਼ਤ ਸਕਿਲ ਡਿਵੈਲਪਮੈਂਟ ਸੈਂਟਰ ਚਲਾ ਰਹੀ ਹੈ, ਨਾਲ ਹੀ ਫੁਵਿੰਦ ਵਿੱਚ ਇੱਕ ਪਿੰਡ-ਕੇਂਦਰਿਤ ਟ੍ਰੇਨਿੰਗ ਸੈਂਟਰ ਵੀ ਸਥਾਪਿਤ ਹੈ। ਮਹਿਮਾਨਾਂ ਨੇ ਟ੍ਰੇਨੀਜ਼ ਦੇ ਆਤਮਵਿਸ਼ਵਾਸ, ਰਚਨਾਤਮਕਤਾ ਅਤੇ ਵਰਕਫੋਰਸ ਲਈ ਤਿਆਰੀ ਦੀ ਪ੍ਰਸ਼ੰਸਾ ਕੀਤੀ। ਫਾਊਂਡਰਜ਼ ਡੇ ਨੇ ਸੰਨ ਫਾਊਂਡੇਸ਼ਨ ਦੇ ਉਸ ਵਿਜ਼ਨ ਨੂੰ ਦੁਬਾਰਾ ਉਜਾਗਰ ਕੀਤਾ, ਜਿਸ ਵਿੱਚ ਹੁਨਰਾਂ ਰਾਹੀਂ ਗੌਰਵ ਅਤੇ ਟ?ਰੇਨਿੰਗ ਰਾਹੀਂ ਮੌਕੇ ਸਿਰਜਣ 'ਤੇ ਜ਼ੋਰ ਦਿੱਤਾ ਜਾਂਦਾ ਹੈ।

# ਜੇ ਸੀ ਆਈ ਸੈਂਟਰਲ ਦੀ 50 ਵਰ੍ਹੇਗੰਢ ਸਬੰਧੀ ਸਮਾਗਮ 28 ਫਰਵਰੀ ਨੂੰ

**ਸਾਲ 2026 ਲਈ ਪ੍ਰਧਾਨ ਐਡਵੋਕੇਟ ਸਿਮਰਨਪ੍ਰੀਤ ਸਿੰਘ ਸੰਭਾਲਣਗੇ ਅਹੁਦਾ**

ਜ਼ਿਕਰ ਪੰਜਾਬ

**ਲੁਧਿਆਣਾ/ਬਿਊਰੋ**



ਵਿਅਕਤੀਗਤ ਵਿਕਾਸ, ਸਮਾਜ ਸੇਵਾ, ਅਤੇ ਬਿਜ਼ਨਸ ਡਿਵੈਲਪਮੈਂਟ ਦੇ ਖੇਤਰ ਵਿੱਚ ਕੰਮ ਕਰਨ ਵਾਲੀ ਐਨ ਜੀ ਓ ਜੂਨੀਅਰ ਚੈਂਬਰ ਇੰਟਰਨੈਸ਼ਨਲ (ਜੇ ਸੀ ਆਈ) ਸੈਂਟਰਲ ਦੀ 28 ਫਰਵਰੀ ਨੂੰ ਲੁਧਿਆਣਾ-ਮਲੇਰਕੋਟਲਾ ਰੋਡ ਸਥਿਤ ਤਾਜ ਰਿਜੋਰਟ ਵਿੱਚ ਆਯੋਜਿਤ ਕੀਤੀ ਜਾ ਰਹੀ 50ਵੀਂ ਵਰ੍ਹੇਗੰਢ ਮੌਕੇ ਐਡਵੋਕੇਟ ਸਿਮਰਨਪ੍ਰੀਤ ਸਿੰਘ ਸਾਲ 2026 ਲਈ ਪ੍ਰਧਾਨ ਵਜੋਂ ਅਹੁਦਾ ਸੰਭਾਲਣਗੇ। ਜਦਕਿ ਬੋਲੀਵੁੱਡ ਗਾਇਕ ਕਮਾਲ ਖਾਨ ਲਾਈਵ ਪ੍ਰਫੋਰਮੈਂਸ ਦੇਣਗੇ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ, ਪ੍ਰਧਾਨ ਐਡਵੋਕੇਟ ਸਿਮਰਨਪ੍ਰੀਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਦੱਸਿਆ ਕਿ ਜੇ ਸੀ ਆਈ ਸੈਂਟਰਲ ਸਮਾਜ ਸੇਵਾ, ਵਿਅਕਤੀਗਤ ਵਿਕਾਸ, ਬਿਜ਼ਨਸ ਡਿਵੈਲਪਮੈਂਟ ਵਰਗੇ ਖੇਤਰਾਂ ਵਿੱਚ ਕੰਮ ਕਰਦਿਆਂ ਹੋਇਆਂ, ਬੱਚਿਆਂ, ਬਜ਼ੁਰਗਾਂ, ਨੌਜਵਾਨਾਂ ਅਤੇ ਬਿਜ਼ਨੈਸਮੈਨਾਂ ਲਈ ਕੰਮ ਕਰਦੀ ਹੈ। ਇਸ ਸੰਸਥਾ ਦੇ ਭਾਰਤ ਵਿੱਚ 50 ਹਜ਼ਾਰ ਤੋਂ ਵੱਧ ਮੈਂਬਰ ਹਨ ਅਤੇ ਇਕੱਲੇ ਲੁਧਿਆਣਾ ਵਿੱਚ ਕਰੀਬ 1000 ਮੈਂਬਰ ਕੰਮ ਕਰ ਰਹੇ ਹਨ। 28 ਫਰਵਰੀ ਨੂੰ ਇਸਦੇ 50ਵੇਂ ਪ੍ਰਧਾਨ ਅਹੁਦਾ ਸੰਭਾਲਣਗੇ। ਉਨ੍ਹਾਂ ਦੱਸਿਆ ਹੈ ਕਿ ਜੇ ਸੀ ਆਈ 18 ਤੋਂ 40 ਸਾਲ ਤੱਕ ਦੇ ਨੌਜਵਾਨਾਂ ਦੀ ਓਵਰਆਲ ਡਿਵੈਲਪਮੈਂਟ ਵਾਸਤੇ ਕੰਮ ਕਰਦੀ ਹੈ। ਇਸ ਦੇ ਵੱਖ-ਵੱਖ ਪ੍ਰੋਗਰਾਮਾਂ ਰਾਹੀਂ ਨੈਟਵਰਕਿੰਗ ਡਿਵੈਲਪਮੈਂਟ, ਬਿਜਨਸ ਡਿਵੈਲਪਮੈਂਟ, ਸਮਾਜ ਸੇਵਾ ਵਰਗੇ ਮੌਕੇ ਮਿਲਦੇ ਹਨ। ਉਹਨਾਂ ਦੱਸਿਆ ਹੈ ਕਿ 28 ਫਰਵਰੀ ਦੇ ਪ੍ਰੋਗਰਾਮ ਵਿੱਚ ਲੁਧਿਆਣਾ ਵਿੱਚੋਂ ਕਈ ਹਸਤੀਆਂ ਸ਼ਾਮਿਲ ਹੋਣਗੀਆਂ ਅਤੇ ਪੰਜਾਬ ਦੇ ਹੋਰ ਹਿੱਸਿਆਂ ਸਣੇ ਹਰਿਆਣਾ, ਹਿਮਾਚਲ ਅਤੇ ਜੰਮੂ ਕਸ਼ਮੀਰ ਵਰਗੇ ਸੂਬਿਆਂ ਤੋਂ ਵੀ ਵੱਡੀ ਗਿਣਤੀ ਚ ਮੈਂਬਰ ਸ਼ਾਮਿਲ ਹੋਣਗੇ। ਜਦ ਕਿ ਮਸ਼ਹੂਰ ਬਾਲੀਵੁੱਡ ਸਿੰਗਰ ਕਮਾਲ ਖਾਨ ਵੱਲੋਂ ਵੀ ਆਪਣੀ ਸ਼ਾਨਦਾਰ ਪੇਸ਼ਕਾਰੀ ਦਿੱਤੀ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ, ਸਾਬਕਾ ਪ੍ਰਧਾਨ ਪ੍ਰਦੀਪ ਸਿੰਘ ਮੁੰਡੀ, ਸੈਕਟਰੀ ਵਿਨਾਇਕ ਕਸ਼ਯਪ, ਜੁਆਇੰਟ ਸੈਕਟਰੀ ਰਸਲੀਨ ਕੌਰ, ਖਜਾਨਚੀ ਭੁਪਿੰਦਰ ਸਿੰਘ, ਜੁਆਇੰਟ ਖਜਾਨਚੀ ਅਵਤਾਰ ਸਿੰਘ, ਵਾਈਸ ਪ੍ਰਧਾਨ ਮੈਨੇਜਮੈਂਟ ਕੁਲਜੀਤ ਸਿੰਘ, ਡਾਇਰੈਕਟਰ ਜਤਿੰਦਰ ਪਾਲ ਸਿੰਘ, ਡਾਇਰੈਕਟਰ ਨਰੇਸ਼ ਚਲੋਤਰਾ, ਡਾਇਰੈਕਟਰ ਗੁਰਪ੍ਰੀਤ ਸਿੰਘ ਰਿਆਤ, ਵਾਈਸ ਪ੍ਰਧਾਨ ਜੀਡੀ ਅਸ਼ੀਸ਼ ਚੋਪੜਾ, ਡਾਇਰੈਕਟਰ ਤੇਜਸਵੀ ਧੀਮਾਨ, ਡਾਇਰੈਕਟਰ ਪਰਮਜੀਤ ਸਿੰਘ, ਡਾਇਰੈਕਟਰ ਤਰੁਣ ਗੋਇਲ ਵੀ ਮੌਜੂਦ ਰਹੇ।

# ਲੁਟੇਰਿਆਂ ਨੇ ਸਰਕਾਰ ਦੀ ਗੈਂਗਸਟਰਾਂ ਤੇ ਲੁਟੇਰਿਆਂ ਖਿਲਾਫ ਵਿੱਡੀ ਮਹਿਮ ਨੂੰ ਟਿਚ ਜਾਣਦਿਆਂ ਪੱਤਰਕਾਰ ਨੂੰ ਲੁੱਟਿਆ

ਜ਼ਿਕਰ ਪੰਜਾਬ

**ਜੰਡਿਆਲਾ ਗੁਰੂ/ਮਲਕੀਤ ਸਿੰਘ ਚੀਦਾ**

ਬੀਤੇ ਕੁਝ ਦਿਨ ਪਹਿਲਾਂ ਪੱਤਰਕਾਰ ਸਤਿੰਦਰ ਸਿੰਘ ਅਠਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਮੈਂ 13 ਫਰਵਰੀ ਨੂੰ ਰਾਤ 9 ਤੋਂ 9:15 ਦੇ ਕਰੀਬ ਪਿੰਡ ਦਸ਼ਮੇਸ਼ ਨਗਰ ਤੋਂ ਗਹਿਰੀ ਮੰਡੀ ਨੂੰ ਆ ਰਿਹਾ ਸੀ ਆਪਣੇ ਨਿੱਜੀ ਪਿੰਡ ਜਾਣ ਲਈ ਕਿ ਰਸਤੇ ਵਿੱਚ ਦਸਮੇਸ਼ ਨਗਰ ਤੋਂ ਗਹਿਰੀ ਮੰਡੀ ਰੋਡ ਬ੍ਰਿਧ ਅਸਰਮ ਦੇ ਨੇੜੇ ਕੁਝ ਅਣਪਛਾਤੇ ਦੋ ਮੋਟਰਸਾਈਕਲ ਸਵਾਰ ਪਗੜੀਧਾਰੀ ਲੁਟੇਰਿਆਂ ਨੇ ਮੇਰਾ ਮੋਟਰਸਾਈਕਲ ਘੇਰ ਲਿਆ ਤੇ ਉਸ ਵਿੱਚੋਂ ਚਾਬੀ ਕੱਢ ਕੇ ਰੋਕ ਲਿਆ, 2.3 ਫੁੱਟ ਦੇ ਕਰੀਬ ਲੰਬਾ ਦਾਤਰ ਮੋਢੇ ਤੇ ਰੱਖ ਕੇ ਗੋਲੀ ਮਾਰ ਕੇ ਜਾਨੋ ਮਾਰਨ ਦੀ ਧਮਕੀ ਦਿੰਦੇ ਹੋਏ ਮੈਨੂੰ ਸਾਰਾ ਕੀਮਤੀ ਸਮਾਨ ਕੱਢਣ ਵਾਸਤੇ ਕਿਹਾ, ਮੈਂ ਆਪਣਾ ਪਰਸ ਕੱਢ ਕੇ ਉਹਨਾਂ ਨੂੰ ਦੇ ਦਿੱਤਾ ਤੇ ਇਹ ਕਿਹਾ



ਕਿ ਮੇਰੇ ਕੋਲ ਬਸ ਇਹੋ ਕੁਝ ਹੈ ਮੇਰੇ ਪਰਸ ਵਿੱਚ ਕੁਝ ਜਰੂਰੀ ਕਾਗਜਾਤ ਅਤੇ 3500 ਸੌ ਰੁਪਏ ਨਗਦ ਸੀ, ਉਹਨਾਂ ਨੇ ਮੈਨੂੰ ਕਿਸੇ ਤਰ੍ਹਾਂ ਦੀ ਕੋਈ ਸੱਟ ਪੇਟ ਨਹੀਂ ਲਾਈ ਤੇ ਨਾਂ ਹੀ ਮੇਰਾ ਮੋਟਰਸਾਇਕਲ ਖੋਇਆ ਹੈ । ਮੈਂ ਇਸ ਦੀ ਸ਼ਿਕਾਇਤ ਸਬੰਧਿਤ ਥਾਣਾ ਜੰਡਿਆਲਾ ਗੁਰੂ ਨੂੰ ਦੇ ਦਿੱਤੀ ਸੀ। ਮੈਨੂੰ ਉਹਨਾਂ ਦੋ ਲੁਟੇਰਿਆਂ ਤੇ ਛੱਕ ਹੈ ਕਿ ਉਹ ਦੋ ਪੱਗੜੀਧਾਰੀ ਪਿੰਡ ਮਾਲੋਵਾਲ ਦੇ ਹੀ ਲੁਟੇਰੇ ਹਨ, ਜੋ ਹੋਰ ਕੁੱਝ ਸੂਤਰਾਂ ਤੋਂ ਪਤਾ ਲਗਾ ਹੈ ਕਿ ਦਸਮੇਸ ਨਗਰ ਰੋਡ ਤੇ ਦੋ ਸਰਦਾਰ ਲੁਟੇਰੇ ਹੀ ਲੁੱਟੇ ਦੇ ਹਨ। ਵਰਨਣਯੋਗ ਹੈ ਕਿ ਥਾਣਾ ਜੰਡਿਆਲਾ ਗੁਰੂ ਦੀ ਪੁਲਿਸ ਮੇਰੀ ਮਦਦ ਦੇ ਲਈ ਜਲਦੀ ਹੀ ਮੇਰੇ ਘਰ ਪਹੁੰਚ ਗਈ ਸੀ। ਉਹਨਾਂ ਨੇ ਮੈਨੂੰ ਵਿਸ਼ਵਾਸ ਦਵਾਇਆ ਹੈ ਕਿ ਅਣਪਛਾਤੇ ਲੁਟੇਰਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ ਤੇ ਤੁਹਾਡੇ ਪੈਸੇ ਵਾਪਸ ਦਿਵਾਏ ਜਾਣਗੇ। ਉਨ੍ਹਾਂ ਕਿਹਾ ਕਿ ਉਹਨਾਂ ਉੱਪਰ ਜੋ ਵੀ ਬਣਦੀ ਕਾਰਵਾਈ ਕੀਤੀ ਜਾਵੇਗੀ।

# ਵਿਧਾਇਕ ਗਰੇਵਾਲ ਨੇ ਵਾਰਡ-7 'ਚ ਕੀਤਾ 65 ਲੱਖ ਦੀ ਲਾਗਤ ਵਾਲੇ ਸੀਵਰੇਜ ਕਾਰਜਾਂ ਦਾ ਉਦਘਾਟਨ

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**



ਵਿਧਾਨ ਸਭਾ ਹਲਕਾ ਲੁਧਿਆਣਾ ਪੂਰਬੀ ਤੋਂ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਵੱਲੋਂ ਵਾਰਡ ਨੰਬਰ 7 ਅਧੀਨ ਚੰਦਰਲੋਕ ਕਲੋਨੀ ਅਤੇ ਇੰਦਰਾ ਕਲੋਨੀ ਵਿਖੇ ਕਰੀਬ 65 ਲੱਖ ਰੁਪਏ ਦੀ ਲਾਗਤ ਵਾਲੇ ਸੀਵਰੇਜ ਕਾਰਜ਼ਾ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਗਰੇਵਾਲ ਨੇ ਕਿਹਾ ਕਿ ਵਾਰਡ ਨੰਬਰ 7 ਹੀ ਨਹੀਂ ਸਗੋਂ ਹਲਕੇ ਦੇ ਸਾਰੇ ਵਾਰਡਾਂ ਅੰਦਰ ਕਰੀਬ 80 ਫੀਸਦੀ ਵਿਕਾਸ ਕਾਰਜ ਪਹਿਲਾਂ ਹੀ ਮੁਕੰਮਲ ਕਰਵਾਏ ਜਾ ਚੁੱਕੇ ਹਨ ਅਤੇ ਜੋ ਬਾਕੀ ਥੋੜੇ ਬਹੁਤ ਕੰਮ ਰਹਿੰਦੇ ਹਨ ਉਹਨਾਂ 'ਤੇ ਤੇਜ਼ੀ ਨਾਲ ਕੰਮ ਚੱਲ ਰਿਹਾ ਹੈ। ਵਿਧਾਇਕ ਗਰੇਵਾਲ ਨੇ ਕਿਹਾ ਕੀ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦਾ ਮੁੱਖ ਟੀਚਾ ਸੂਬਾ ਵਾਸੀਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਉਣਾ ਅਤੇ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣਾ ਹੈ। ਇਸ

**■ ਵਾਰਡ ਅੰਦਰ ਵਿਕਾਸ ਪੱਖੋਂ ਕੋਈ ਘਾਟ ਨਹੀਂ, ਜ਼ਿਆਦਾਤਰ ਕੰਮ ਮੁਕੰਮਲ : ਦਲਜੀਤ ਸਿੰਘ ਭੋਲਾ ਗਰੇਵਾਲ**

ਮੌਕੇ ਹਾਜ਼ਰ ਯੂਥ ਆਗੂ ਭੂਸ਼ਣ ਸ਼ਰਮਾ ਨੇ ਪੰਜਾਬ ਸਰਕਾਰ ਅਤੇ ਵਿਧਾਇਕ ਗਰੇਵਾਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹਨਾਂ ਵੱਲੋਂ ਹਲਕੇ ਦੇ ਹਰ ਵਾਰਡ ਅੰਦਰ ਬਿਨਾਂ ਕਿਸੇ ਭੇਦ ਭਾਵ ਤੋਂ ਇਮਾਨਦਾਰੀ ਨਾਲ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਹਨਾਂ ਕਿਹਾ ਕਿ ਅੱਜ ਹਲਕੇ ਦੇ ਹਰ ਵਾਰਡ ਵਿੱਚ ਵਿਕਾਸ ਪੱਖੋਂ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਹੈ ਅਸੀਂ ਸਮੂਹ ਇਲਾਕਾ ਨਿਵਾਸੀ ਵਿਧਾਇਕ ਗਰੇਵਾਲ ਦੇ ਧੰਨਵਾਦੀ ਹਾਂ। ਇਸ ਮੌਕੇ ਆਪ ਆਗੂ ਵਾਰਡ ਇੰਚਾਰਜ ਭੂਸ਼ਨ ਸ਼ਰਮਾ, ਦਿਨੇਸ਼ ਸ਼ਰਮਾ, ਹਰਪ੍ਰੀਤ ਸਿੰਘ, ਤੀਰਥ ਸਮਰਾ, ਪਰਮ ਰਾਜਪੂਤ, ਰਾਮ ਕੇਸ਼, ਪਵਨ ਕੁਮਾਰ, ਵਰਿੰਦਰ ਕੁਮਾਰ, ਦੀਪਕ ਪੰਡਤ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਮੌਜੂਦ ਸਨ।





# ਨਾਨਕ ਪਿੰਡੀ 'ਚ ਸਾਈ ਬਾਬੂ ਸ਼ਾਹ ਦਾ ਮੇਲਾ ਯਾਦਗਾਰੀ ਹੋਣ ਨਿੱਬੜਿਆ

ਜ਼ਿਕਰ ਪੰਜਾਬ

**ਜਲੰਧਰ/ਬਲਵਿੰਦਰ ਕੁਮਾਰ**

ਵਿਧਾਨ ਸਭਾ ਹਲਕਾ ਜਲੰਧਰ ਕੈਂਟ ਦੇ ਅਧੀਨ ਆਉਂਦੇ ਪਿੰਡ ਨਾਨਕ ਪਿੰਡੀ ਵਿੱਚੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਈਂ ਬਾਬੂ ਸ਼ਾਹ ਅਤੇ ਸਾਈਂ ਕਪੂਰ ਸ਼ਾਹ ਦੇ ਅਸਥਾਨਾਂ ਤੇ ਸਲਾਨਾ ਸੱਭਿਆਚਾਰਕ ਜੋੜ ਮੇਲਾ ਗੱਦੀ ਨਸ਼ੀਨ ਸਾਈਂ ਨਸੀਬ ਚੰਦ ਅਤੇ ਪ੍ਰਬੰਧਕ ਬੀਬੀ ਜਸਵੀਰ ਕੌਰ ਤੇ ਸੁਖਦੇਵ ਰਾਮ ਦੀ ਦੇਖ ਰੇਖ ਕਰਵਾਇਆ ਗਿਆ। ਇਸ ਮੇਲੇ ਦੌਰਾਨ ਮੇਲੇ ਦੌਰਾਨ ਸਾਈਂ ਲਖਵੀਰ ਸ਼ਾਹ ਕਾਦਰੀ ਕਟਾਰੀਆਂ ਵਾਲੇ, ਸਾਈਂ ਮੁਖਤਿਆਰ ਸਿੰਘ ਡੇਰਾ ਬਾਬਾ ਹਾਕਮ ਸ਼ਾਹ, ਸਾਈਂ ਬੱਬੂ ਸ਼ਾਹ ਜੰਡਿਆਲਾ, ਸਾਈਂ ਗੁਰਦਿਤ ਸਿੰਘ ਜਗਰਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਸੁਖਦੇਵ ਰਾਮ, ਵਿਜੇ ਕੁਮਾਰ ਅਤੇ ਲਖਵਿੰਦਰ ਕੁਮਾਰ ਨੇ ਦੱਸਿਆ ਕਿ ਸੱਭਿਆਚਾਰਕ 19 ਫਰਵਰੀ ਨੂੰ ਚਿਰਾਗ ਰੋਸ਼ਨ ਅਤੇ ਝੰਡੇ ਦੀ ਰਸਮ ਅਦਾ ਕੀਤੀ ਗਈ ਅਤੇ 20 ਫਰਵਰੀ ਨੂੰ ਸੱਭਿਆਚਾਰਕ ਮੇਲੇ ਦੌਰਾਨ ਕਵਾਲ ਸ਼ਕੀਲ ਸਾਬਰੀ ਫਿਲੌਰ ਵਾਲੇ, ਬੂਟਾ ਮੁਹੰਮਦ ਜਮਸ਼ੇਰੀਆ, ਲੋਕ ਗਾਇਕ ਦਵਿੰਦਰ ਦਿਆਲਪੁਰੀ ਤੇ ਪਿੰਕੀ ਨਕਾਲ ਪਾਰਟੀ ਨੇ ਆਪਣੀਆਂ ਆਪਣੀਆਂ ਕਲਾਵਾਂ ਰਾਹੀਂ ਦਰਸ਼ਕਾਂ ਨੂੰ ਕੀਲੀ ਰੱਖਿਆ। ਇਸ ਵਾਰ ਵੀ ਕਰਮਸ਼ੀਲ ਸ਼ਖਸੀਅਤਾਂ ਅਜੀਤ ਦੇ ਸੀਨੀਅਰ ਪੱਤਰਕਾਰ ਸੁਰਜੀਤ ਸਿੰਘ ਜੰਡਿਆਲਾ, ਬਲਵਿੰਦਰ ਕੁਮਾਰ ਵਿੱਕੀ, ਡਾਕਟਰ ਰਮਨ ਕੋਹਲੀ, ਏ.ਐਸ.ਆਈ. ਪਲਵਿੰਦਰ ਸਿੰਘ, ਬਲਵੀਰ ਚੰਦ ਬੰਬੀਆਂਵਾਲ ਅਤੇ ਹੋਰਾਂ ਨੂੰ ਸਨਮਾਨਿਤ ਕੀਤਾ ਗਿਆ। ਮੇਲੇ ਦੌਰਾਨ ਬੱਚਿਆਂ ਦੀਆਂ ਕੁਸ਼ਤੀਆਂ ਕਰਵਾਈਆਂ ਗਈਆਂ। ਇਸ ਮੌਕੇ ਬੀਬੀ ਜਸਵੀਰ ਕੌਰ, ਕਮਲਾ ਦੇਵੀ, ਪੰਚ ਬੰਦਨਾ ਰਾਣੀ, ਪੰਚ ਬਿਮਲਾ ਦੇਵੀ, ਮਨਜੀਤ, ਪੰਚ ਗੁਰਵਿੰਦਰ ਕੁਮਾਰ, ਪਵਨ ਕੁਮਾਰ, ਰਮਨ ਕੁਮਾਰ, ਧਰਮਵੀਰ, ਸੰਦੀਪ ਕੁਮਾਰ, ਸਰਪੰਚ ਅਮਨਦੀਪ ਕੌਰ, ਮਨੋਜ ਖੇੜਾ, ਗੁਰਦੀਪ ਸਿੰਘ ਜਮਸ਼ੇਰ, ਡਾ. ਗੌਰਵ ਕੋਹਲੀ, ਗੁਰਦੀਪ ਕੁਮਾਰ ਸ਼ਰਮਾ, ਅਵਤਾਰ ਤਾਰੀ, ਦੀਪਾ ਮੁਠੱਡਾ, ਪ੍ਰੇਮ ਜੰਡਿਆਲਾ, ਗੇਜੋ ਯੂਕੇ, ਹਰਮੇਸ਼ ਲਾਲ, ਡੀ ਜਸਮਨ ਜੱਖੂ, ਰੂਹਾਨ ਜੱਖੂ ਦੀਆ, ਹਰਮਨ ਜੱਖੂ, ਯੋਗਰਾਜ ਹਾਜ਼ਰ ਸਨ। ਮੇਲੇ ਦੌਰਾਨ ਸਟੇਜ ਸੈਕਟਰੀ ਦੀ ਭੂਮਿਕਾ ਤੀਰਥ ਸਿੰਘ ਸਪਰਾ ਭੋਡੇ ਸਪਰਾਏ ਨੇ ਬਾਖੂਬੀ ਨਿਭਾਈ।







# ਅਕਾਲੀ ਦਲ ਦੀ ਕਹਿਣੀ ਅਤੇ ਕਰਨੀ ਵਿੱਚ ਕੋਈ ਫ਼ਰਕ ਨਹੀਂ : ਅਰਵਿੰਦ ਖੰਨਾ

ਜ਼ਿਕਰ ਪੰਜਾਬ

**ਸੰਗਰੂਰ** : ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਹੈ ਕਿ ਅਕਾਲੀ ਦਲ ਹੀ ਪੰਜਾਬ ਅਤੇ ਪੰਜਾਬੀਅਤ ਦੇ ਹਿੱਤਾਂ ਦੀ ਰਾਖੀ ਕਰਨ ਵਾਲੀ ਪਾਰਟੀ ਹੈ। ਅਰਵਿੰਦ ਖੰਨਾ ਭਾਜਪਾ ਕਿਸਾਨ ਵਿੰਗ ਬਲਾਕ ਭਵਾਨੀਗੜ੍ਹ ਦੇ ਪ੍ਰਧਾਨ ਭੁਪਿੰਦਰ ਸਿੰਘ ਅਤੇ ਭਾਜਪਾ ਐਸਸੀ ਵਿੰਗ ਬਲਾਕ ਦੇ ਪ੍ਰਧਾਨ ਤੇਜੀ ਸਿੰਘ ਨੂੰ ਅਕਾਲੀ ਦਲ ਵਿੱਚ ਸ਼ਾਮਲ ਕਰਨ ਤੋਂ ਬਾਅਦ ਪਾਰਟੀ ਵਰਕਰਾਂ ਨੂੰ ਸੰਬੋਧਨ ਕਰ ਰਹੇ ਸਨ। ਅਰਵਿੰਦ ਖੰਨਾ ਨੇ ਕਿਹਾ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਪੰਜਾਬ ਦੌਰੇ ਦੌਰਾਨ ਕੀਤੇ ਜਾ ਰਹੇ ਐਲਾਨਾਂ ਨੇ ਸੱਤਾਧਾਰੀ ਆਮ ਆਦਮੀ ਪਾਰਟੀ ਸਮੇਤ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਮੁੱਦਾਹੀਣ ਬਣਾ ਦਿੱਤਾ ਹੈ। ਪੰਜਾਬ ਦੇ ਲੋਕ ਅਕਾਲੀ ਦਲ ਵੱਲੋਂ ਆਯੋਜਿਤ ਪੰਜਾਬ ਬਚਾਓ ਰੈਲੀਆਂ ਵਿੱਚ ਉਤਸ਼ਾਹ ਨਾਲ ਹਿੱਸਾ ਲੈ ਰਹੇ ਹਨ। ਅਰਵਿੰਦ ਖੰਨਾ ਨੇ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਗਰੀਬ ਧੀਆਂ ਦੇ ਵਿਆਹ ਲਈ 'ਸ਼ਗਨ' ਦੀ ਰਕਮ ਵਧਾ ਕੇ 1 ਲੱਖ ਰੁਪਏ ਕਰਨ, ਬੁਢਾਪਾ ਪੈਨਸ਼ਨ ਨੂੰ 3,100 ਰੁਪਏ ਪ੍ਰਤੀ ਮਹੀਨਾ ਕਰਨ, ਅਤੇ ਆਟਾ-ਦਾਲ ਸਕੀਮ ਨੂੰ ਦੁਬਾਰਾ ਸ਼ੁਰੂ ਕਰਨ ਅਤੇ ਵਧਾਉਣ ਵਰਗੇ ਐਲਾਨ ਸਿੱਧੇ ਤੌਰ 'ਤੇ ਆਮ ਜਨਤਾ ਨਾਲ ਜੁੜੇ ਹਨ। ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੇ ਕਾਰਜਕਾਲ ਦੌਰਾਨ, ਲੱਖਾਂ ਲੋਕਾਂ ਨੂੰ ਇਨ੍ਹਾਂ ਸਕੀਮਾਂ ਦਾ ਸਿੱਧਾ ਲਾਭ ਹੋਇਆ ਹੈ। ਅਕਾਲੀ ਆਗੂ ਨੇ ਕਿਹਾ ਕਿ ਸੰਗਰੂਰ ਸਮੇਤ ਪੰਜਾਬ ਦੇ ਲੋਕਾਂ ਨੇ ਅਕਾਲੀ ਦਲ ਨੂੰ ਰਾਜਨੀਤਿਕ ਵਿਕਲਪ ਵਜੋਂ ਸਵੀਕਾਰ ਕੀਤਾ ਹੈ।



# 38ਵੀਆਂ ਮਾਡਰਨ ਪੇਂਡੂ ਮਿੰਨੀ ਉਲੰਪਿਕ ਜਰਖੜ ਖੇਡਾਂ ਧੂਮ ਧੜੱਕੇ ਨਾਲ ਹੋਈਆਂ ਸਮਾਪਤ

## ☛ 6 ਸ਼ਖਸੀਅਤਾਂ ਦਾ ਹੋਇਆ ਸਨਮਾਨ ☛ ਗੁਰਮੀਤ ਸਿੰਘ ਖੁੱਡੀਆਂ, ਸੰਤ ਸੀਚੇਵਾਲ , ਓਂਕਾਰ ਸਿੰਘ ਪਾਹਵਾ ਅਤੇ ਜੰਗਸ਼ੇਰ ਅਮਰੀਕਾ ਮੁੱਖ ਮਹਿਮਾਨ ਵਜੋਂ ਪੁੱਜੇ

**ਲੁਧਿਆਣਾ/ਵਿੱਕੀ ਜਰਖੜ**

ਜੇ ਐਸਟੀ ਟਰੱਕ ਪਰਮਿਟ ਅਮਰੀਕਾ, ਏਵਨ ਸਾਈਕਲ ਅਤੇ ਕੋਕਾ ਕੋਲਾ 38ਵੀਂਆਂ ਮਾਡਰਨ ਪੇਂਡੂ ਮਿੰਨੀ ਓਲੰਪਕ ਜਰਖੜ ਖੇਡਾਂ ਦੇ ਇਤਿਹਾਸ ਵਿੱਚ ਇੱਕ ਨਵੀਆਂ ਪੈੜਾਂ ਪਾਉਂਦੀਆਂ ਹੋਈਆਂ ਧੂਮ ਧੜੱਕੇ ਨਾਲ ਸਮਾਪਤ ਹੋਈਆਂ। ਕਬੱਡੀ ਓਪਨ ਵਿੱਚ ਨਾਇਬ ਸਿੰਘ ਗਰੇਵਾਲ ਯਾਦਗਾਰੀ ਕਬੱਡੀ ਕੱਪ ਲਈ 16 ਟੀਮਾਂ ਦੇ ਆਪਸੀ ਮੁਕਾਬਲੇ ਹੋਏ ਜਿਸ ਵਿੱਚ ਘੱਲੂਘਾਰਾ ਕੁੱਪ ਦੀ ਟੀਮ ਚੈਂਪੀਅਨ ਅਤੇ ਚਕਰ ਮੋਗਾ ਉਪ ਜੇਤੂ ਰਹੀ। ਹਾਕੀ ਸੀਨੀਅਰ ਵਰਗ ਵਿੱਚ ਲਵਲੀ ਯੂਨੀਵਰਸਿਟੀ ਜਲੰਧਰ ਨੇ ਜਰਖੜ ਅਕੈਡਮੀ ਨੂੰ 3-1 ਨਾਲ ਹਰਾ ਕੇ ਮਹਿੰਦਰ ਪ੍ਰਤਾਪ ਗਰੇਵਾਲ ਗੋਲਡ ਕੱਪ ਹਾਕੀ ਟਰਾਫੀ ਤੇ ਕਬਜ਼ਾ ਕੀਤਾ । ਹਾਕੀ ਕੁੜੀਆਂ ਦੇ ਵਰਗ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਲਵਲੀ ਯੂਨੀਵਰਸਿਟੀ ਜਲੰਧਰ ਨੂੰ 4-2 ਨਾਲ ਹਰਾ ਕੇ ਮੋਹਿੰਦਰਪਰਤਾਪ ਗਰੇਵਾਲ ਟਰਾਫੀ ਹਾਸਲ ਕੀਤੀ। ਹਾਕੀ ਸਬ ਜੂਨੀਅਰ ਜਗਤਾਰ ਯਾਦਗਾਰੀ ਹਾਕੀ ਕੱਪ ਵਿੱਚ ਜਰਖੜ ਅਕੈਡਮੀ ਨੇ ਅਮਰਗੜ੍ਹ ਨੂੰ 2-1 ਨਾਲ ਹਰਾਕੇ ਜਿੱਤ ਖਿਤਾਬੀ ਜਿੱਤ ਹਾਸਲ ਕੀਤੀ। ਫੁੱਟਬਾਲ ਅਮਰਜੀਤ ਸਿੰਘ ਗਰੇਵਾਲ ਕੱਪ ਵਿੱਚ ਮੁੰਡਿਆਂ ਦੇ ਵਰਗ ਵਿੱਚ ਭੈਣੀ ਅਰੋੜਾ ਨੇ ਭੁੱਟਾ ਨੂੰ 2-1ਨਾਲ ਅਤੇ ਕੁੜੀਆਂ ਦੇ ਵਰਗ ਵਿੱਚ ਗੁਜਰਵਾਲ ਨੇ ਕੋਟਲਾ ਨੂੰ 3-2 ਨਾਲ ਹਰਾਕੇ ਚੈਂਪੀਅਨ ਜਿੱਤ ਹਾਸਲ ਕੀਤੀ। ਬਾਬਾ ਸੁਰਜਨ ਸਿੰਘ ਸਰੀਂਹ ਰੱਸਾਕਸੀ ਕੱਪ ਵਿੱਚ ਰੋਪੜ ਨੇ ਪਹਿਲਾ ਸਥਾਨ ਬਠਿੰਡਾ ਨੇ ਦੂਸਰਾ ਸਥਾਨ ਹਾਸਲ ਕੀਤਾ। ਜਦਕਿ 50 ਸਾਲਾ ਕਬੱਡੀ ਧਰਮ ਸਿੰਘ ਕੱਪ ਵਿੱਚ ਰਾਏਕੋਟ ਨੇ ਪਹਿਲਾ ਸਥਾਨ ਸੀਹਾਦੋਦ ਦੂਸਰਾ ਸਥਾਨ ਹਾਸਲ ਕੀਤਾ

**7 ਸਖਸ਼ੀਅਤਾਂ ਦਾ ਹੋਇਆ ਵਿਸ਼ੇਸ਼ ਸਨਮਾਨ**

ਜਰਖੜ ਖੇਡਾਂ ਦੇ ਫਾਈਨਲ ਸਮਾਰੋਹ ਤੇ ਅੱਜ ਏਵਨ ਸਾਈਕਲ ਦੇ ਮਾਲਕ ਪਦਮ ਸ੍ਰੀ ਓਕਾਰ ਸਿੰਘ ਪਾਹਵਾ, ਪਦਮ ਸ੍ਰੀ ਹਾਕੀ ਕੋਚ ਬਲਦੇਵ ਸਿੰਘ ਨੂੰ ਭਗਤ ਪੂਰਨ ਸਿੰਘ ਐਵਾਰਡ ਨਾਲ , ਪ੍ਰਭਦੀਪ ਸਿੰਘ ਨੱਥੋਵਾਲ ਡਿਪਟੀ ਡਾਇਰੈਕਟਰ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਨੂੰ ਪੰਜਾਬ ਦਾ ਮਾਣ ਐਵਾਰਡ ਸ਼੍ਰੀਮਤੀ ਸਿਮਰਨਜੀਤ ਕੌਰ ਗਿੱਲ ਪ੍ਰੋ ਵਾਈਸ ਚਾਂਸਲਰ ਸੀ ਟੀ ਯੂਨੀਵਰਸਿਟੀ ਲੁਧਿਆਣਾ ਨੂੰ ਪੰਜਾਬ ਦੀਆਂ ਧੀਆਂ ਦਾ ਮਾਣ ਐਵਾਰਡ ਨਾਲ,ਪੱਤਰਕਾਰ ਦਵਿੰਦਰਪਾਲ ਸ਼ਰਮਾ ਚੰਡੀਗੜ੍ਹ ਨੂੰ ਪੰਜਾਬ ਦੀ ਪੱਤਰਕਾਰੀ ਦਾ ਮਾਣ ਐਵਾਰਡ ਦੇ ਨਾਲ, ਉੱਭਰਦੇ ਸਾਈਕਲਿਸਟ ਹਰਸ਼ਵੀਰ ਸਿੰਘ ਸੇਖੋਂ ਨੂੰ ਓਲੰਪੀਅਨ ਸੁਰਜੀਤ ਸਿੰਘ ਰੰਧਾਵਾ ਐਵਾਰਡ ਨਾਲ, ਵੇਟਰਨਜ਼ ਹਾਕੀ ਖਿਡਾਰੀ ਕਰਮਜੀਤ ਸਿੰਘ ਗਰੇਵਾਲ ਯੂ ਐਸ ਏ ਨੂੰ ਉਲੰਪੀਅਨ ਪ੍ਰਿਥੀਪਾਲ ਸਿੰਘ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਨਮਾਨਿਤ ਸ਼ਖਸੀਅਤਾ ਦੀਆਂ ਪ੍ਰਾਪਤੀਆਂ ਦਾ ਬਿਉਰਾ ਪੜ੍ਹਕੇ ਅਤੇ ਉਹਨਾਂ ਨੂੰ ਐਵਾਰਡ, ਯਾਦਗਾਰੀ ਘੋੜਿਆਂ ਦੇ ਚਿੰਨ੍ਹ, ਟਰਾਫੀਆਂ ਮੁੱਖ ਮਹਿਮਾਨ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਅਤੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਪ੍ਰਦਾਨ ਕੀਤੀਆਂ ਗਈਆਂ। ਇਸ ਤੋਂ ਇਲਾਵਾ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ , ਜੇ ਐਸਟੀ ਟਰੱਕ ਪਰਮਿਟ ਅਮਰੀਕਾ ਦੇ ਮਾਲਕ ਜੰਗਸ਼ੇਰ ਸਿੰਘ ਅਤੇ ਏਵਨ ਸਾਈਕਲ ਕੰਪਨੀ ਦੇ ਮਾਲਕ ਓਂਕਾਰ ਸਿੰਘ ਪਾਹਵਾ ਵੀ ਮੁੱਖ ਮਹਿਮਾਨ ਵਜੋਂ ਪੁੱਜੇ । ਸੰਤ ਬਾਬਾ ਬਲਵੀਰ ਸਿੰਘ ਸੀਚੇਵਾਲ ਨੇ ਜਰਖੜ ਟਰੱਸਟ ਨੂੰ 11 ਲੱਖ ਅਤੇ ਸਰਦਾਰ ਖੁੱਡੀਆਂ ਨੇ 5 ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਕੀਤਾ। ਜੰਗ ਸ਼ੇਰ ਸਿੰਘ ਅਮਰੀਕਾ ਵਾਲਿਆਂ ਨੇ ਢਾਈ ਲੱਖ ਰੁਪਏ, ਹੰਸਲੋ ਯੂਕੇ ਦੇ ਸਾਬਕਾ ਮੇਅਰ ਪ੍ਰੀਤਮ ਸਿੰਘ ਗਰੇਵਾਲ ਨੇ ਮਹਿੰਦਰ ਪ੍ਰਤਾਪ ਗਰੇਵਾਲ ਟਰਸਟ ਵੱਲੋਂ 2 ਲੱਖ ਰੁਪਏ ਦੀ ਕੀਤੀ ਸਹਾਇਤਾ ਦਿੱਤੀ।









**ਜਦੋਂ ਗਾਇਕਾਂ ਨੇ ਜਰਖੜ ਸਟੇਡੀਅਮ ਵਿੱਚ ਝੂਮਣ ਲਾਏ ਦਰਸ਼ਕ**

ਨਾਮੀ ਲੋਕ ਗਾਇਕਾ ਸਤਵਿੰਦਰ ਬਿੱਟੀ, ਜਸਵੰਤ ਸੰਦੀਲਾ,ਨੀਤੂ ਵਿਰਕ, ਗੁਰਜਾਨ ਨੇ ਅੱਜ ਚਰਖੜ ਖੇਡਾਂ ਤੇ ਆਪਣੇ ਗਾਇਕੀ ਦਾ ਰੰਗ ਬਖੇਰਿਆ ਅਤੇ ਸਤਵਿੰਦਰ ਬਿੱਟੀ ਨੇ ਆਪਣੇ ਚੋਣਵੇਂ ਗੀਤਾਂ ਨਾਲ ਤਾਂ ਪੂਰੇ ਸਟੇਡੀਅਮ ਝੂਮਣ ਲਾ ਦਿੱਤਾ ।

**ਕਾਰਪੋਰੇਟ ਹਾਊਸ ਦਾ ਵਿਸ਼ੇਸ਼ ਧੰਨਵਾਦ**

ਜਰਖੜ ਖੇਡਾਂ ਦੇ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ , ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਦੱਸਿਆ ਕਿ ਇਹਨਾਂ ਖੇਡਾਂ ਦੇ ਗੋਲਡ ਸਪਾਂਸਰ ਜੇ ਐਸ ਟੀ ਟਰੱਕ ਪਰਮਿਟ ਫਰਿਜਨੋ,ਜਦਕਿ ਸਿਲਵਰ ਸਪਾਂਸਰ ਕੋਕਾ ਕੋਲਾ, ਏਵਨ ਸਾਈਕਲ, ਪੈਟਰੋਲੀਅਮ ਸਪੋਰਟਸ ਪਰਮੋਸ਼ਨ ਬੋਰਡ ,ਡਾਬਰ ਕੰਪਨੀ , ਵਿਸ਼ਾਲ ਸਾਈਕਲ ਅਤੇ ਆਏ ਮਹਿਮਾਨਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨਾਂ ਨੇ ਟੂਰਨਾਮੈਂਟ ਨੂੰ ਵੱਡਾ ਸਹਿਯੋਗ ਦਿੱਤਾ। ਇਸ ਮੌਕੇ ਡਾਬਰ ਕੰਪਨੀ ਵੱਲੋਂ ਖਿਡਾਰੀਆਂ ਤੇ ਮਹਿਮਾਨਾਂ ਵਾਸਤੇ ਵਿਸ਼ੇਸ਼ ਤੋਹਫੇ ਅਤੇ ਕੋਕਾ ਕੋਲ ਕੰਪਨੀ ਵੱਲੋਂ ਸਾਰੀ ਪਬਲਿਕ ਵਾਸਤੇ ਸਪੈਸ਼ਲ ਜੂਸ ਵੰਡਿਆ ਗਿਆ। ਏਵਨ ਸਾਈਕਲ ਵੱਲੋਂ ਜੇਤੂ ਖਿਡਾਰੀਆਂ ਨੂੰ 50 ਸਾਈਕਲ, ਵਿਸਾਲ ਸਾਈਕਲ ਵੱਲੋਂ ਹਾਕੀ ਦੇ ਜੇਤੂਆਂ ਨੂੰ 20 ਸਾਈਕਲ ਦਿੱਤੇ ਗਏ। ਆਖਰੀ ਦਿਨ ਸ਼ਰਨਪਾਲ ਸਿੰਘ ਮੱਕੜ ਚੇਅਰਮੈਨ ਇੰਡਸਟਰੀ ਵਿੰਗ ਪੰਜਾਬ, ਰਾਜ ਕੌਰ ਦਿਓਲ ਕੈਨੇਡਾ, ਪਰਵਿੰਦਰ ਕੌਰ ਚੇਅਰਮੈਨ ਐਨਆਰਆਈ ਵਿੰਗ ਪੰਜਾਬ, ਹਰਿੰਦਰ ਸਿੰਘ ਹੋਸ਼ਿਆਰਪੁਰ,ਸੁਰਿੰਦਰ ਸਿੰਘ ਖੰਨਾ ,ਨਿਰਮਲ ਸਿੰਘ ਖਹਿਰਾ ਇੰਗਲੈਂਡ , ਹਰਦੀਪ ਸਿੰਘ ਬੀਰਮਪੁਰ, ਦਲਜੀਤ ਸਿੰਘ ਭੱਟੀ ਕੋਕਾ ਕੋਲਾ,ਮਨਪ੍ਰੀਤ ਸਿੰਘ ਭਾਟੀਆ ਕੋਕਾ ਕੋਲਾ, ਬਲਵੰਤ ਸਿੰਘ ਬੁੱਢੇਵਾਲ, ਅਮਰੀਕ ਸਿੰਘ ਮਨਿਹਾਸ ,ਸੁਖਵਿੰਦਰ ਸਿੰਘ ਚੇਅਰਮੈਨ ਲੁਧਿਆਣਾ ਸਪੋਰਟਸ ਵੈਲਫੇਅਰ, ਜੀਵਨ ਸਿੰਘ ਗਿੱਲ, ਹਰਨੇਕ ਸਿੰਘ ਭੱਪ, ਮਨੂ ਘਲੋਟੀ,ਗੁਰਸਤਿੰਦਰ ਸਿੰਘ ਪਰਗਟ, ਸਰਪੰਚ ਸੰਦੀਪ ਸਿੰਘ ਜਰਖੜ, ਤੇਜਿੰਦਰ ਸਿੰਘ ਜਰਖੜ, ਸ਼ਿੰਗਾਰਾ ਸਿੰਘ ਜਰਖੜ ਆਦਿ ਇਲਾਕੇ ਦੀਆਂ ਹੋਰ ਸ਼ਖਸੀਅਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਚੌਥਾ ਜਥੇਦਾਰ (ਹੌਲਦਾਰ) ਅਜੀਤ ਸਿੰਘ ਪੱਖੋ ਯਾਦਗਾਰੀ ਪੁਰਸਕਾਰ ਸ਼ਾਇਰ ਗੁਰਭਜਨ ਗਿੱਲ ਨੂੰ ਪੱਖੋ ਕਲਾਂ (ਬਰਨਾਲਾ) ਵਿਖੇ ਪ੍ਰਦਾਨ

**ਲੁਧਿਆਣਾ/ਤਮੰਨਾ ਬੇਦੀ**

ਜਥੇਦਾਰ ਅਜੀਤ ਸਿੰਘ ਪੱਖੋ ਯਾਦਗਾਰੀ ਸਾਹਿਤਕ ਟਰੱਸਟ ਪੱਖੋ ਕਲਾਂ ਵੱਲੋਂ ਉਨ੍ਹਾਂ ਦੀ ਯਾਦ ਵਿਚ ਸ਼ੁਰੂ ਕੀਤਾ ਚੌਥਾ ਯਾਦਗਾਰੀ ਪੁਰਸਕਾਰ ਪੰਜਾਬੀ ਦੇ ਨਾਮਵਰ ਸ਼ਾਇਰ ਪ੍ਰੋ. ਗੁਰਭਜਨ ਸਿੰਘ ਗਿੱਲ ਨੂੰ ਸੇਂਟ ਬਚਨਪੁਰੀ ਇੰਟਰਨੈਸ਼ਨਲ ਸਕੂਲ ਪੱਖੋ ਕਲਾਂ(ਬਰਨਾਲਾ) ਵਿਖੇ ਭੇਟ ਕੀਤਾ ਗਿਆ। ਇਸ ਪੁਰਸਕਾਰ ਵਿਚ ਗਿਆਰਾਂ ਹਜ਼ਾਰ ਰੁਪਏ ਦੀ ਰਾਸ਼ੀ, ਦੋਸ਼ਾਲਾ ਅਤੇ ਯਾਦਗਾਰੀ ਚਿੰਨ੍ਹ ਸ਼ਾਮਿਲ ਹੈ। ਸਕੂਲ ਟਰੱਸਟ ਦੇ ਚੇਅਰਮੈਨ ਅਤੇ ਜਥੇਦਾਰ ਅਜੀਤ ਸਿੰਘ ਪੱਖੋ(ਹੌਲਦਾਰ)ਦੇ ਸਪੁੱਤਰ ਸ. ਰਾਵਿੰਦਰ ਜੀਤ ਸਿੰਘ ਬਿੰਦੀ ਨੇ ਟਰੱਸਟ ਦੀਆਂ ਗਤੀਵਿਧੀਆਂ ਦੀ ਰਿਪੋਰਟ ਪੜ੍ਹਦਿਆਂ ਕਿਹਾ ਕਿ ਇਹ ਅੱਜ ਚੌਥਾ ਐਵਾਰਡ ਸਮਾਰੋਹ ਹੈ। ਪਹਿਲਾਂ ਇਹ ਐਵਾਰਡ ਪੰਜਾਬੀ ਦੇ ਨਾਮਵਰ ਲੇਖਕ ਡਾ. ਨਰਿੰਦਰ ਸਿੰਘ ਕਪੂਰ, ਪਦਮ ਸ੍ਰੀ ਸ਼ਾਇਰ ਡਾ. ਸੁਰਜੀਤ ਪਾਤਰ, ਪ੍ਰਸਿੱਧ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਨੂੰ ਦਿੱਤਾ ਜਾ ਚੁੱਕਿਆ ਹੈ। ਟਰੱਸਟ ਸਮੇਂ ਸਮੇਂ ਤੇ ਪ੍ਰਮੁੱਖ ਲੇਖਕਾਂ ਦੇ ਲੈਕਚਰ ਕਰਵਾਉਂਦਾ ਰਹਿੰਦਾ ਹੈ ਤਾਂ ਕਿ ਵਿਦਿਆਰਥੀਆਂ ਦਾ ਮਾਨਸਿਕ ਅਤੇ ਵਿਦਿਅਕ ਵਿਕਾਸ ਹੋ ਸਕੇ। ਭਵਿੱਖ ਵਿਚ ਵੀ ਅਜਿਹੇ ਅਮੁੱਲੇ ਕਾਰਜ ਕਰਵਾਏ ਜਾਂਦੇ ਰਹਿਣਗੇ। ਇਸ ਮੌਕੇ ਬੋਲਦਿਆਂ ਪੰਜਾਬੀ ਸਾਹਿਤ ਸਭਾ ਬਰਨਾਲਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ ਨੇ ਕਿਹਾ ਕਿ ਵਿਦਿਆਦਾਨੀ ਜਥੇਦਾਰ ਹੌਲਦਾਰ ਅਜੀਤ ਸਿੰਘ ਪੱਖੋ ਸਿੱਖਿਆ ਦਾਨੀ,ਪੰਜਾਬੀ ਕਹਾਣੀਕਾਰ ਅਤੇ ਰਾਜਸੀ ਸ਼ਖ਼ਸੀਅਤ ਸਨ। ਉਹ ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਵੀ ਰਹੇ । ਉਨ੍ਹਾਂ ਨੇ ਪਿੰਡ ਪੱਖੋ ਵਿਚ ਸਾਹਿਤ ਸਭਾ ਵੀ ਬਣਾਈ ਹੋਈ ਸੀ ਜੋ ਉਨ੍ਹਾਂ ਦੇ ਜੀਵਤ ਰਹਿਣ ਤੱਕ ਸਾਹਿਤਕ ਸਮਾਗਮ ਅਤੇ ਹਰ ਸਾਲ ਅੱਖਾਂ ਦੇ ਵਿਸ਼ਾਲ ਕੈਂਪ ਆਯੋਜਤ ਕਰਦੀ ਰਹੀ। ਹੁਣ ਇਸ ਪਿਰਤ ਨੂੰ ਉਨ੍ਹਾਂ ਦੇ ਫਰਜ਼ੰਦ ਰਵਿੰਦਰ ਜੀਤ ਸਿੰਘ ਬਿੰਦੀ ਜ਼ਾਰੀ ਰੱਖ ਰਹੇ ਹਨ। ਟਰੱਸਟ ਦੇ ਜਨਰਲ ਸਕੱਤਰ ਬਹੁਪੱਖੀ ਲੇਖਕ ਬੂਟਾ ਸਿੰਘ ਚੌਹਾਨ ਮੈਂਬਰ ਗਵਰਨਿੰਗ ਕੌਂਸਲ ਭਾਰਤੀ ਸਾਹਿਤ ਅਕੈਡਮੀ ਦਿੱਲੀ ਨੇ ਹੌਲਦਾਰ ਅਜੀਤ ਸਿੰਘ ਪੱਖੋ ਨਾਲ ਆਪਣੀਆਂ ਯਾਦਾਂ ਸਾਂਝੀਆਂ ਕਰਦਿਆਂ ਕਿਹਾ ਕਿ ਅੱਜ ਦੀ ਸਨਮਾਨਿਤ ਸ਼ਖ਼ਸੀਅਤ ਪ੍ਰੋ. ਗੁਰਭਜਨ ਸਿੰਘ ਗਿੱਲ ਪ੍ਰੋ ਮੋਹਨ ਸਿੰਘ ਫਾਊਂਡੇਸ਼ਨ ਲੁਧਿਆਣਾ ਦੇ ਮੋਢੀਆਂ ਵਿਚੋਂ ਹਨ, ਜਿਨ੍ਹਾਂ ਨੇ ਪੰਜਾਬੀ ਸੱਭਿਆਚਾਰ ਦਾ ਝੰਡਾ ਬੁਲੰਦ ਰੱਖਿਆ। ਉਨ੍ਹਾਂ ਕਿਹਾ ਕਿ ਗਿੱਲ ਨੇ ਆਪਣੀ ਅੱਧੀ ਸਦੀ ਦੇ ਕਾਵਿ ਸ਼ਫ਼ਰ ਦੌਰਾਨ ਦਰਜਨਾਂ ਕਾਵਿ ਸੰਗ੍ਰਹਿ ਅਤੇ ਗ਼ਜ਼ਲ ਸੰਗ੍ਰਹਿ ਅਤੇ ਰੁਬਾਈ ਸੰਗ੍ਰਹਿ ਪੰਜਾਬੀ ਮਾਂ ਬੋਲੀ ਦੀ ਝੋਲੀ ਵਿਚ ਪਾਏ ਅਤੇ ਪੰਜਾਬੀ ਬੋਲੀ ਅਤੇ ਪੰਜਾਬੀ ਸੱਭਿਆਚਾਰ ਦੇ ਮਹਾਨ ਸਪੂਤ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਏ। ਉਨ੍ਹਾਂ ਗਿੱਲ ਦੇ ਚੋਣਵੇਂ ਸ਼ਿਅਰ ਵੀ ਹਾਜ਼ਰੀਨ ਨਾਲ ਸਾਂਝੇ ਕੀਤੇ। ਉਨ੍ਹਾਂ ਦੀ ਕਾਵਿ ਸਿਰਜਣਾ ਦਾ ਜ਼ਿਕਰ ਕਰਦਿਆਂ ਬੂਟਾ ਸਿੰਘ ਚੌਹਾਨ ਨੇ ਦੱਸਿਆ ਕਿ ਉਨ੍ਹਾਂ ਦੀਆਂ ਸ਼ੀਸ਼ਾ ਝੂਠ ਬੋਲਦਾ ਹੈ (ਕਾਵਿ ਸੰਗ੍ਰਹਿ), ਹਰ ਧੁਖਦਾ ਪਿੰਡ ਮੇਰਾ ਹੈ (ਗਜ਼ਲ ਸੰਗ੍ਰਹਿ), ਸੁਰਖ਼ ਸਮੁੰਦਰ (ਕਾਵਿ ਸੰਗ੍ਰਹਿ), ਦੋ ਹਰਫ਼ ਰਸੀਦੀ (ਗ਼ਜ਼ਲ ਸੰਗ੍ਰਹਿ), ਅਗਨ ਕਥਾ (ਕਾਵਿ ਸੰਗ੍ਰਹਿ), ਮਨ ਦੇ ਬੂਹੇ ਬਾਰੀਆਂ (ਗ਼ਜ਼ਲ ਸੰਗ੍ਰਹਿ), ਧਰਤੀ ਨਾਦ (ਕਾਵਿ ਸੰਗ੍ਰਹਿ), ਖ਼ੈਰ ਪੰਜਾਂ ਪਾਣੀਆਂ ਦੀ (ਹਿੰਦ ਪਾਕ ਰਿਸ਼ਤਿਆਂ ਤੇ ਪੰਜਾਬੀਅਤ ਬਾਰੇ ਕਵਿਤਾਵਾਂ), ਫੁੱਲਾਂ ਦੀ ਝਾਂਜਰ (ਗੀਤ ਸੰਗ੍ਰਹਿ), ਪਾਰਦਰਸ਼ੀ (ਕਾਵਿ ਸੰਗ੍ਰਹਿ), ਮੋਰਪੰਖ (ਗ਼ਜ਼ਲ ਸੰਗ੍ਰਹਿ), ਮਨ ਤੰਦੂਰ (ਕਾਵਿ ਸੰਗ੍ਰਹਿ), ਤਾਰਿਆਂ ਦੇ ਨਾਲ ਗੱਲਾਂ ਕਰਦਿਆਂ (ਸੁਲੱਖਣ ਸਿੰਘ ਸਰਹੱਦੀ ਵੱਲੋਂ ਸੰਪਾਦਿਤ ਗ਼ਜ਼ਲ ਸੰਗ੍ਰਹਿ), ਗੁਲਨਾਰ (ਗ਼ਜ਼ਲ ਸੰਗ੍ਰਹਿ), ਮਿਰਗਾਵਲੀ (ਗ਼ਜ਼ਲ ਸੰਗ੍ਰਹਿ), ਰਾਵੀ ( ਗ਼ਜ਼ਲ ਸੰਗ੍ਰਹਿ), ਸੁਰਤਾਲ (ਗ਼ਜ਼ਲ ਸੰਗ੍ਰਹਿ), ਜ਼ੇਵਰ, ਚਰਖ਼ੜੀ (ਕਵਿਤਾਵਾਂ), ਪਿੱਪਲ ਪੱਤੀਆਂ (ਗੀਤ ਸੰਗ੍ਰਹਿ ), ਜਲ ਕਣ (ਰੁਬਾਈਆਂ), ਪੱਤੇ ਪੱਤੇ ਲਿਖੀ ਇਬਾਰਤ, (ਕੁਦਰਤ ਬਾਰੇ 103 ਰੁਬਾਈਆਂ, ਤੇਜ ਪ੍ਰਤਾਪ ਸਿੰਘ ਸੰਧੂ ਦੇ ਫੋਟੋ ਚਿਤਰਾਂ ਸਮੇਤ (ਕੌਫੀ ਟੇਬਲ ਕਿਤਾਬ) ਛਪ ਚੁਕੀਆਂ ਹਨ। ਉਨ੍ਹਾਂ ਕਿਹਾ ਕਿ ਗਿੱਲ ਨੇ ਨਸਰੀ ਕਾਵਿ ਵੀ ਲੈਆਤਮਿਕ ਸਿਰਜ ਕੇ ਖੁੱਲ੍ਹੀ ਕਵਿਤਾ ਨੂੰ ਨਵਾਂ ਮੋੜ ਦਿੱਤਾ। ਉਨ੍ਹਾਂ ਗਿੱਲ ਨੂੰ ਉਤਸ਼ਾਹ ਦਾ ਭਰ ਵਹਿੰਦਾ ਸੋਮਾ ਕਿਹਾ ਕਿ ਅਤੇ ਪੰਜਾਬੀ ਦੇ ਦਰਜਨਾਂ ਸ਼ਾਇਰਾਂ ਦੇ ਨਾਮ ਇਸ ਪਰਿਪੇਖ ਵਿਚ ਲਏ, ਜਿਨ੍ਹਾਂ ਨੇ ਇਨ੍ਹਾਂ ਦੀ ਅਗਵਾਈ ਵਿਚ ਉਚ ਮੁਕਾਮ ਹਾਸਿਲ ਕੀਤੇ। ਪ੍ਰੋ ਗਿੱਲ ਨੂੰ ਸਨਮਾਨਿਤ ਕਰਨ ਦੀ ਰਸਮ ਟਰੱਸਟ ਤੇ ਸਕੂਲ ਦੇ ਚੇਅਰਮੈਨ ਰਾਵਿੰਦਰ ਜੀਤ ਸਿੰਘ ਬਿੰਦੀ ਨੇ ਨਿਭਾਈ ਤੇ ਟਰੱਸਟੀ ਸਾਗਰ ਸਿੰਘ ਖੀਪਲ ਸਮੇਤ ਪ੍ਰਧਾਨਗੀ ਮੰਡਲ ਨੇ ਵੀ ਦਿੱਤਾ। ਸਨਮਾਨਿਤ ਹੋਣ ਉਪਰੰਤ ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ 21ਫਰਵਰੀ ਵਿਸ਼ਵ ਮਾਂ ਦਿਵਸ ਵੀ ਆ ਰਿਹਾ ਹੈ। ਸਾਨੂੰ ਪੰਜਾਬੀ ਬੋਲੀ ਅਤੇ ਪੰਜਾਬੀ ਸੱਭਿਆਚਾਰ ਨੂੰ ਨਹੀਂ ਵਿਸਾਰਨਾ ਨਹੀਂ ਚਾਹੀਦਾ ਕਿਉਂਕਿ ਇਹ ਸਾਡੇ ਜਿਉਣ ਦਾ ਮੂਲ ਆਧਾਰ ਹਨ ਅਤੇ ਮਜ਼ਬੂਤ ਬੁਨਿਆਦ ਬਿਨਾਂ ਕਦੇ ਵੀ ਕੋਈ ਉਚ ਇਮਾਰਤ ਚਿਰਜੀਵੀ ਨਹੀਂ ਉੱਸਰ ਸਕਦੀ। ਆਤਮਿਕ ਸਤੁੰਸ਼ਟੀ ਤੋਂ ਬਿਨਾਂ ਜੀਵਨ ਬੇ ਰਸ ਤੇ ਬੈ ਅਰਥਾ ਹੁੰਦਾ ਹੈ, ਇਥੋਂ ਹੀ ਸਮਾਜਿਕ ਅਲਾਮਤਾਂ ਦੀ ਸ਼ੁਰੂਆਤ ਹੁੰਦੀ ਹੈ। ਉਨ੍ਹਾਂ ਆਪਣੇ ਸਾਹਿਤਕ ਸਫ਼ਰ ਦੀ ਦਾਸਤਾਨ ਦੱਸਦਿਆਂ ਕਿਹਾ ਕਿ ਉਨ੍ਹਾਂ ਨੇ ਕਦੇ ਕੋਈ ਮੈਲਾ ਸ਼ਬਦ ਨਹੀਂ ਲਿਖਿਆ ਤੇ ਧੀਆਂ ਨੂੰ ਧਰਤੀ ਦੀ ਸੰਗਿਆ ਦੇ ਕੇ ਵਡਿਆਇਆ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਉੱਘੇ ਸਫ਼ਲ ਕਿਸਾਨ ਤੇ ਅਗਾਂਹਵਧੂ ਡੇਅਰੀ ਫਾਰਮਰ ਦਮਨ ਸ਼ਰਮਾ ਲੁਧਿਆਣਾ ਵੀ ਹਾਜ਼ਰ ਸਨ। ਸਟੇਜ ਦਾ ਫ਼ਰਜ਼ ਡਾ ਹਰਵਿੰਦਰ ਸਿੰਘ ਕਾਲੇਕੇ ਨੇ ਨਿਭਾਇਆ।



# ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ 'ਚ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ

**ਅੰਮ੍ਰਿਤਸਰ** : ਸੰਨ 1921 ਵਿਚ ਵਾਪਰੇ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਭਾਈ ਵਰਿੰਦਰ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ।



ਅਰਦਾਸ ਭਾਈ ਬਲਜੀਤ ਸਿੰਘ ਨੇ ਕੀਤੀ ਅਤੇ ਸੰਗਤ ਨੂੰ ਪਾਵਨ ਹੁਕਮਨਾਮਾ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੇ ਕਥਾਵਾਚਕ ਭਾਈ ਹਰਮਿੱਤਰ ਸਿੰਘ ਨੇ ਸਰਵਣ ਕਰਵਾਇਆ। ਇਸ ਮੌਕੇ ਕਥਾਵਾਚਕ ਭਾਈ ਹਰਮਿੱਤਰ ਸਿੰਘ ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਕਿਹਾ ਕਿ ਸਾਡੇ ਪੁਰਖਿਆਂ ਨੇ ਗੁਰਦੁਆਰਾ ਸਾਹਿਬਾਨ ਨੇ ਪ੍ਰਬੰਧ ਨੂੰ ਪੰਥਕ ਹੱਥਾਂ ਵਿੱਚ ਲੈਣ ਲਈ ਅਨੇਕਾਂ ਕੁਰਬਾਨੀਆਂ ਦਿੱਤੀਆਂ। ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅਸਥਾਨ ਨੂੰ ਅਖੌਤੀ ਮਹੰਤਾਂ ਤੋਂ ਅਜ਼ਾਦ ਕਰਵਾਉਣ ਲਈ ਸਿੱਖ ਯੋਧਿਆਂ ਨੇ ਜਿਸ ਦ੍ਰਿੜ੍ਹਤਾ ਅਤੇ ਦਲੇਰੀ ਦਾ ਪ੍ਰਗਟਾਵਾ ਕੀਤਾ, ਉਹ ਸਿੱਖ ਕੌਮ ਨੂੰ ਸੰਗਠਤ ਕਰਨ ਵਿਚ ਮੀਲ-ਪੱਥਰ ਸਾਬਤ ਹੋਇਆ। ਉਨ੍ਹਾਂ ਕਿਹਾ ਕਿ ਆਪਣੀਆਂ ਕੌਮੀ ਸੰਸਥਾਵਾਂ ਦੀ ਮਜ਼ਬੂਤੀ ਲਈ ਕੌਮ ਦੇ ਇਨ੍ਹਾਂ ਮਹਾਨ ਸ਼ਹੀਦਾਂ ਤੋਂ ਸੇਧ ਲੈ ਕੇ ਪੰਥਕ ਪਹਿਰੇਦਾਰੀ ਕਰਨੀ ਸਾਡਾ ਫਰਜ਼ ਹੈ। ਇਸੇ ਦੌਰਾਨ ਢਾਡੀ ਭਾਈ ਗੁਰਪ੍ਰੀਤ ਸਿੰਘ ਦੇ ਜਥੇ ਵੱਲੋਂ ਵੀ ਸੰਗਤ ਨੂੰ ਗੁਰ-ਇਤਿਹਾਸ ਨਾਲ ਜੋੜਿਆ ਗਿਆ। ਸਮਾਗਮ ਸਮੇਂ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਜਸਪਾਲ ਸਿੰਘ ਢੱਡੇ, ਵਧੀਕ ਮੈਨੇਜਰ ਸ. ਬਿਕਰਮਜੀਤ ਸਿੰਘ ਝੰਗੀ, ਸ. ਜਸਬੀਰ ਸਿੰਘ, ਸ. ਗੁਰਤਿੰਦਪਾਲ ਸਿੰਘ ਕਾਦੀਆਂ, ਮੀਤ ਮੈਨੇਜਰ ਸ. ਦਿਲਬਾਗ ਸਿੰਘ ਆਦਿ ਮੌਜੂਦ ਸਨ।

# ਭਾਸ਼ਾ ਵਿਭਾਗ ਵੱਲੋਂ ਕੌਮਾਂਤਰੀ ਮਾਤ-ਭਾਸ਼ਾ ਦਿਹਾੜੇ ਨੂੰ ਸਮਰਪਿਤ ਕਵੀ ਦਰਬਾਰ ਆਯੋਜਿਤ

**ਲੁਧਿਆਣਾ/ਤਮੰਨਾ ਬੇਦੀ**

ਭਾਸ਼ਾ ਵਿਭਾਗ ਵੱਲੋਂ ਕੌਮਾਂਤਰੀ ਮਾਤ-ਭਾਸ਼ਾ ਦਿਹਾੜੇ ਨੂੰ ਸਮਰਪਿਤ, ਸਰਕਾਰੀ ਐਸ.ਸੀ.ਡੀ ਕਾਲਜ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਸਹਿਯੋਗ ਨਾਲ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦਾ ਉਦੇਸ਼ ਪੰਜਾਬੀ ਮਾਂ ਬੋਲੀ ਦੀ ਮਹੱਤਤਾ ਨੂੰ ਉਜਾਗਰ ਕਰਨਾ ਅਤੇ ਵਿਦਿਆਰਥੀਆਂ ਅਤੇ ਸਾਹਿਤ-ਪ੍ਰੇਮੀਆਂ ਵਿੱਚ ਭਾਸ਼ਾਈ ਚੇਤਨਾ ਦਾ ਪਸਾਰ ਕਰਨਾ ਸੀ। ਜ਼ਿਲਾ ਭਾਸ਼ਾ ਅਫ਼ਸਰ ਡਾ. ਸੰਦੀਪ ਸ਼ਰਮਾ ਨੇ ਪ੍ਰੈਸ ਨੋਟ ਰਾਹੀਂ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਭਾਸ਼ਾ ਵਿਭਾਗ, ਪੰਜਾਬ ਵੱਲੋਂ ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਅਨੇਕ ਤਰ੍ਹਾਂ ਦੇ ਪ੍ਰੋਗਰਾਮ ਉਲੀਕੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਕੌਮਾਂਤਰੀ ਮਾਂ-ਬੋਲੀ ਦਿਹਾੜੇ ਮੌਕੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਅਨੇਕ ਤਰ੍ਹਾਂ ਦੇ ਸਮਾਗਮ ਕਰਵਾਏ ਜਾ ਰਹੇ ਹਨ ਅਤੇ ਇਸੇ ਕੜੀ ਤਹਿਤ ਲੁਧਿਆਣਾ ਵਿਖੇ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਸਮਾਗਮ ਦੇ ਆਰੰਭ ਵਿੱਚ ਨਿਰਦੇਸ਼ਕ ਭਾਸ਼ਾ ਵਿਭਾਗ ਜਸਵੰਤ ਸਿੰਘ ਜ਼ਫ਼ਰ ਨੇ ਕਿਹਾ ਕਿ ਪੰਜਾਬੀਆਂ ਨੂੰ ਆਪਣੀ ਮਾਂ-ਬੋਲੀ ਦੀ ਚੜ੍ਹਦੀਕਲਾ ਪ੍ਰਤੀ ਅਵੇਸਲਾਪਣ ਛੱਡ ਕੇ ਸੁਚੇਤ ਯਤਨ ਕਰਨ ਦੀ ਲੋੜ ਹੈ। ਉਨ੍ਹਾਂ ਨੇ ਕਿਹਾ ਕਿ ਜਦੋਂ ਦੁਨੀਆਂ ਦੇ ਅਨੇਕ ਦੇਸ਼ਾਂ ਨੇ ਆਪਣੀ ਮਾਂ-ਬੋਲੀ ਦੀ ਵਰਤੋਂ ਨਾਲ? ਆਪਣੇ ਮੁਲਕਾਂ ਨੂੰ ਤਰੱਕੀ ਦੇ ਰਾਹ ਤੋਰਿਆ ਹੈ ਤਾਂ ਪੰਜਾਬੀ ਵੀ ਅਜਿਹਾ ਕਰ ਸਕਦੇ ਹਨ।

ਪ੍ਰਿੰਸੀਪਲ ਡਾ.ਗੁਰਸ਼ਰਨ ਜੀਤ ਸਿੰਘ ਸੰਧੂ ਨੇ ਵੀ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਆਪਣੀ ਮਾਤ ਭਾਸ਼ਾ 'ਤੇ ਮਾਣ ਕਰਨਾ ਚਾਹੀਦਾ ਹੈ ਅਤੇ ਨਾਲ ਨਾਲ ਉਨ੍ਹਾਂ ਮਾਂ ਬੋਲੀ ਪੰਜਾਬੀ ਦੇ ਪ੍ਰਚਾਰ-ਪ੍ਰਸਾਰ ਲਈ ਮਿਲ ਕੇ ਯਤਨ ਕਰਨ ਦਾ ਸੁਨੇਹਾ ਵੀ ਦਿੱਤਾ। ਉਹਨਾਂ ਮਾਤ ਭਾਸ਼ਾ ਸਬੰਧੀ ਵਿਚਾਰ ਦਿੰਦਿਆ ਕਿਹਾ ਕਿ ਭਾਸ਼ਾ ਦਾ ਸਬੰਧ ਸਾਡੀ ਹੋਂਦ ਅਤੇ ਹਸਤੀ ਨਾਲ ਹੈ। ਉਨ੍ਹਾਂ ਮਾਂ ਬੋਲੀ ਨੂੰ ਵਿਗਿਆਨ ਦੀ ਬੋਲੀ ਬਣਾਉਣ 'ਤੇ ਵੀ ਜ਼ੋਰ ਦਿੱਤਾ। ਜ਼ਿਲਾ ਭਾਸ਼ਾ ਅਫ਼ਸਰ ਡਾ. ਸੰਦੀਪ ਸ਼ਰਮਾ ਨੇ ਮਾਂ-ਬੋਲੀ ਪੰਜਾਬੀ ਦੇ ਪ੍ਰਚਾਰ ਲਈ ਭਾਸ਼ਾ ਵਿਭਾਗ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦਾ ਵਰਣਨ ਕੀਤਾ। ਸਮਾਗਮ ਵਿੱਚ ਰਾਮ ਸਿੰਘ, ਤ੍ਰੈਲੋਚਨ ਲੋਚੀ, ਜਗਵਿੰਦਰ ਜੋਧਾ, ਮੁਕੇਸ਼ ਆਲਮ, ਕੋਮਲਦੀਪ, ਮਨਦੀਪ ਲੁਧਿਆਣਾ, ਪ੍ਰੋ ਮਨਦੀਪ ਔਲਖ, ਪ੍ਰੋ ਇਰਾਦੀਪ ਕਵੀਆਂ ਨੇ ਹਾਜ਼ਰੀ ਭਰੀ ਅਤੇ ਆਪਣੀਆਂ ਕਾਵਿ ਰਚਨਾਵਾਂ ਪੇਸ਼ ਕੀਤੀਆਂ ਅਤੇ ਮਾਂ ਬੋਲੀ ਦੇ ਮਹੱਤਵ ਬਾਰੇ ਵਿਚਾਰ ਸਾਂਝੇ ਕੀਤੇ। ਮੰਚ ਸੰਚਾਲਨ ਦੀ ਭੂਮਿਕਾ ਪ੍ਰੋ ਸਤਨਾਮ ਵਾਹਿਦ ਨੇ ਨਿਭਾਈ। ਪੰਜਾਬੀ ਵਿਭਾਗ ਦੇ ਮੁਖੀ ਪ੍ਰੋ ਗੀਤਾਂਜਲੀ ਨੇ ਇਸ ਸਮਾਗਮ ਵਿੱਚ ਪਹੁੰਚੀਆਂ ਸਾਰੀਆਂ ਸਖਸ਼ੀਅਤਾਂ ਅਤੇ ਸਾਰੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਪੰਜਾਬੀ ਦੇ ਸਮੂਹ ਅਧਿਆਪਕ ਸਹਿਬਾਨ ਅਤੇ ਵਿਦਿਆਰਥੀ ਵੀ ਮੌਜੂਦ ਸਨ।



# ਡੀਜੀਪੀ ਪੰਜਾਬ ਵੱਲੋਂ 1951 ਬੈਚ ਦੇ ਆਈਪੀਐਸ ਅਧਿਕਾਰੀ ਜਗਜੀਤ ਸਿੰਘ ਬਾਵਾ ਨੂੰ ਉਨ੍ਹਾਂ ਦੇ 100ਵੇਂ ਜਨਮਦਿਨ 'ਤੇ ਨਿੱਘੀਆਂ ਸ਼ੁਭਕਾਮਨਾਵਾਂ

**ਚੰਡੀਗੜ੍ਹ** : ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ 1951 ਬੈਚ ਦੇ ਸੇਵਾਮੁਕਤ ਆਈਪੀਐਸ ਅਧਿਕਾਰੀ ਸ੍ਰੀ ਜਗਜੀਤ ਸਿੰਘ ਬਾਵਾ ਨੂੰ ਉਨ੍ਹਾਂ ਦੇ 100ਵੇਂ ਜਨਮਦਿਨ ਮੌਕੇ ਨਿੱਘੀਆਂ ਸ਼ੁਭਕਾਮਨਾਵਾਂ ਦਿੱਤੀਆਂ ਹਨ। ਡੀਜੀਪੀ ਨੇ ਆਪਣੇ ਐਕਸ ਹੈਂਡਲ (ਪਹਿਲਾਂ ਟਵਿੱਟਰ) 'ਤੇ ਪਾਈ ਪੋਸਟ ਵਿੱਚ ਕਿਹਾ ਕਿ ਇੰਡੀਅਨ ਪੁਲਿਸ ਸਰਵਿਸ ਦੇ ਪੰਜਾਬ ਕੇਡਰ ਦੀ ਪ੍ਰਮੁੱਖ ਹਸਤੀ ਸ੍ਰੀ ਬਾਵਾ ਅਧਿਕਾਰੀਆਂ ਦੀ ਇੱਕ ਪੀੜ੍ਹੀ ਦੀ ਨੁਮਾਇੰਦਗੀ ਕਰਦੇ ਹਨ, ਜਿਨ੍ਹਾਂ ਨੇ ਪੇਸ਼ੇਵਰ, ਸਿਧਾਂਤਕ ਅਤੇ ਨਿਡਰ ਪੁਲਿਸਿੰਗ ਦੀ ਮਜ਼ਬੂਤ ਨੀਂਹ ਰੱਖੀ। ਉਨ੍ਹਾਂ ਲਿਖਿਆ ਕਿ ਪੰਜਾਬ ਕੇਡਰ ਲੰਬੇ ਸਮੇਂ ਤੋਂ ਆਪਣੀ ਸਮਰਪਿਤ ਸੇਵਾ ਭਾਵਨਾ, ਲੀਡਰਸ਼ਿਪ ਅਤੇ ਦੇਸ਼ ਪ੍ਰਤੀ ਯੋਗਦਾਨ ਲਈ ਪ੍ਰਸ਼ੰਸਾ ਦਾ ਪਾਤਰ ਰਿਹਾ ਹੈ ਅਤੇ ਸ੍ਰੀ ਬਾਵਾ ਪੰਜਾਬ ਕੇਡਰ ਦੇ ਆਈ.ਪੀ.ਐਸ. ਅਧਿਕਾਰੀਆਂ ਦੀ ਮੋਹਰਲੀ ਕਤਾਰ ਦੀਆਂ ਹਸਤੀਆਂ ਵਿੱਚੋਂ ਇੱਕ ਹਨ। ਦੱਸਣਯੋਗ ਹੈ ਕਿ ਵਿਸ਼ੇਸ਼ ਡੀਜੀਪੀ ਹੈੱਡਕੁਆਰਟਰ ਐਸ.ਐਸ. ਸ੍ਰੀਵਾਸਤਵ ਅਤੇ ਡੀਆਈਜੀ ਪਰਸੋਨਲ ਅਮਨੀਤ ਕੌਂਡਲ ਨੇ ਵੈਟਰਨ ਅਧਿਕਾਰੀ ਨਾਲ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਮੁਲਾਕਾਤ ਕਰਕੇ ਉਨ੍ਹਾਂ ਨੂੰ ਸਮੁੱਚੀ ਪੁਲਿਸ ਫੋਰਸ ਦੀ ਤਰਫ਼ੋਂ ਨਿੱਘੀਆਂ ਸ਼ੁਭਕਾਮਨਾਵਾਂ ਦਿੱਤੀਆਂ। ਸ੍ਰੀ ਜਗਜੀਤ ਸਿੰਘ ਬਾਵਾ ਨੇ 13 ਜੁਲਾਈ, 1951 ਨੂੰ ਆਪਣਾ ਸੇਵਾਕਾਲ ਸ਼ੁਰੂ ਕੀਤਾ ਅਤੇ ਐਸਐਸਪੀ ਫਿਰੋਜ਼ਪੁਰ ਵਜੋਂ ਨਿਯੁਕਤ ਹੋਣ ਤੋਂ ਪਹਿਲਾਂ ਉਨ੍ਹਾਂ ਨੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਏਐਸਪੀ ਅਤੇ ਐਸਪੀ ਵਜੋਂ ਸੇਵਾਵਾਂ ਨਿਭਾਈਆਂ। ਉਨ੍ਹਾਂ ਨੇ ਡੀਆਈਜੀ ਅਤੇ ਆਈਜੀਪੀ ਵਜੋਂ ਵੀ ਕਈ ਮਹੱਤਵਪੂਰਨ ਅਹੁਦਿਆਂ 'ਤੇ ਕੰਮ ਕੀਤਾ ਅਤੇ ਆਈਜੀਪੀ ਪੰਜਾਬ ਵਜੋਂ ਵੀ ਸੇਵਾ ਨਿਭਾਈ। ਇਸ ਤੋਂ ਬਾਅਦ ਉਨ੍ਹਾਂ ਨੂੰ 27 ਸਤੰਬਰ, 1977 ਨੂੰ ਕੇਂਦਰੀ ਡੈਪੂਟੇਸ਼ਨ 'ਤੇ ਨਵੀਂ ਦਿੱਲੀ ਵਿੱਚ ਡਾਇਰੈਕਟਰ ਸੀਬੀਆਈ ਨਿਯੁਕਤ ਕੀਤਾ ਗਿਆ । ਸ੍ਰੀ ਬਾਵਾ ਨੂੰ ਸੇਵਾਮੁਕਤੀ ਦੀ ਉਮਰ ਤੋਂ ਬਾਅਦ ਸੇਵਾ ਵਿੱਚ ਇੱਕ ਸਾਲ ਦਾ ਵਾਧਾ ਦਿੱਤਾ ਗਿਆ ਅਤੇ ਫਿਰ 28 ਫਰਵਰੀ, 1985 ਨੂੰ ਨੂੰ ਉਹ ਸੇਵਾਮੁਕਤ ਹੋ ਗਏ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਆਈਜੀਪੀ ਪੰਜਾਬ ਅਤੇ ਡਾਇਰੈਕਟਰ ਸੀਬੀਆਈ ਵਜੋਂ ਆਪਣੀ ਮਿਸਾਲੀ ਸੇਵਾ ਰਾਹੀਂ ਸ੍ਰੀ ਬਾਵਾ ਨੇ ਇਮਾਨਦਾਰੀ, ਸੰਸਥਾਗਤ ਤਾਕਤ ਅਤੇ ਜਨਤਕ ਵਿਸ਼ਵਾਸ ਦੇ ਉੱਚਤਮ ਮਿਆਰਾਂ ਨੂੰ ਕਾਇਮ ਰੱਖਿਆ। ਉਨ੍ਹਾਂ ਕਿਹਾ ਕਿ ਸ੍ਰੀ ਬਾਵਾ ਦਾ ਜੀਵਨ ਅਤੇ ਕਰੀਅਰ ਲਗਾਤਾਰ ਅਧਿਕਾਰੀਆਂ ਨੂੰ ਪ੍ਰੇਰਿਤ ਕਰਦਾ ਆ ਰਿਹਾ ਹੈ। ਡੀਜੀਪੀ ਨੇ ਅੱਗੇ ਕਿਹਾ ਕਿ ਜਦੋਂ ਅਸੀਂ ਅੱਜ ਸ੍ਰੀ ਬਾਵਾ ਦਾ 100ਵਾਂ ਜਨਮਦਿਨ ਮਨਾ ਰਹੇ ਹਾਂ, ਪੰਜਾਬ ਪੁਲਿਸ ਦੇਸ਼ ਪ੍ਰਤੀ ਡਿਊਟੀ, ਸਨਮਾਨ ਅਤੇ ਸੇਵਾ ਲਈ ਉਨ੍ਹਾਂ ਪ੍ਰਤੀ ਆਪਣਾ ਡੂੰਘਾ ਮਾਣ-ਸਨਮਾਨ ਜ਼ਾਹਰ ਕਰਦੀ ਹੈ।



# ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਵਿਖੇ 'ਰਿਸ਼ਤਿਆਂ ਦਾ ਸਤਿਕਾਰ' ਵਿਸ਼ੇ 'ਤੇ ਅੰਤਰ ਰਾਸ਼ਟਰੀ ਵਿਚਾਰ ਗੋਸ਼ਟੀ

## ਮਾਂ ਬੋਲੀ ਦਾ ਗਿਆਨ ਹੀ ਰਿਸ਼ਤਿਆਂ ਦੀ ਪਾਲਣਾ ਲਈ ਮੂਲ ਆਧਾਰ ਬਣ ਸਕਦਾ ਹੈ : ਪ੍ਰੋ. ਗੁਰਭਜਨ ਸਿੰਘ ਗਿੱਲ

**ਲੁਧਿਆਣਾ/ਤਮੰਨਾ ਬੇਦੀ**

ਬਾਬਾ ਬੰਦਾ ਸਿੰਘ ਬਹਾਦਰ ਅੰਤਰ ਰਾਸ਼ਟਰੀ ਫਾਉਂਡੇਸ਼ਨ (ਰਜਿ) ਲੁਧਿਆਣਾ ਵੱਲੋਂ "ਰਿਸ਼ਤਿਆਂ ਦਾ ਸਤਿਕਾਰ"ਵਿਸ਼ੇ 'ਤੇ ਅੰਤਰ ਰਾਸ਼ਟਰੀ ਵਿਚਾਰ ਗੋਸ਼ਟੀ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ ਨੇ ਸੁਆਗਤੀ ਸ਼ਬਦਾਂ ਵਿੱਚ ਕਿਹਾ ਕਿ ਜ਼ਿੰਦਗੀ ਦਾ ਅਸਲ ਆਧਾਰ ਮਜ਼ਬੂਤ ਰਿਸ਼ਤੇ ਹਨ ਜੋ ਸਤਿਕਾਰ ਦੀ ਨੀਂਹ ਤੇ ਹੀ ਉੱਸਰ ਸਕਦੇ ਹਨ। ਮੁੱਖ ਬੁਲਾਰੇ ਵਜੋਂ ਸੰਬੋਧਨ ਕਰਦਿਆਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਤੇ ਪੰਜਾਬੀ ਲੇਖਕ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਹੈ ਕਿ ਰਿਸ਼ਤਿਆਂ ਸਤਿਕਾਰ ਕਰਨ ਦੀ ਬੁਨਿਆਦੀ ਸਿਖਲਾਈ ਮਾਂ ਬੋਲੀ ਦਾ ਸਤਿਕਾਰ ਹੀ ਦੇ ਸਕਦਾ ਹੈ। ਮਾਂ ਬੋਲੀ ਉਹ ਗਿਆਨ ਪੋਟਲੀ ਹੈ ਜੋ ਸਾਨੂੰ ਪੰਘੂੜੇ ਤੋਂ ਸਿਵਿਆਂ ਤੀਕ ਹੱਸਣਾ, ਗਾਉਣਾ, ਰੋਣਾ ਤੇ ਮਰਯਾਦਾ ਵਿੱਚ ਰਹਿ ਕੇ ਆਚਾਰ, ਵਿਹਾਰ ਤੇ ਕਿਰਦਾਰ ਦੀ ਉਸਾਰੀ ਕਰਦੀ ਹੈ। ਉਨ੍ਹਾਂ ਕਿਹਾ ਕਿ ਪਰਿਵਾਰ ਤੇ ਚੌਗਿਰਦਾ ਸੰਸਾਰ ਸਾਨੂੰ ਵੱਡਿਆਂ ਦਾ ਆਦਰ ਤੇ ਨਿੱਕਿਆਂ ਦੇ ਪਿਆਰ ਦੀ ਰੂਪ ਰੇਖਾ ਸਮਝਾਉਂਦਾ ਹੈ ਪਰ ਦੁਖਦਾਈ ਪੱਖ ਇਹ ਹੈ ਕਿ ਅੱਜ ਅਸੀਂ ਪੈਸੇ ਦੇ ਪੁੱਤ ਬਣ ਕੇ ਹਰ ਰਿਸ਼ਤੇਦਾਰ ਘਾਣ ਕਰ ਰਹੇ ਹਾਂ। ਇਹ ਭੁੱਲ ਹੀ ਗਏ ਹਾਂ ਕਿ ਚੂਹੇਦੌੜ ਜਿੱਤ ਕੇ ਵੀ ਅਸੀਂ ਸ਼ੇਰ ਨਹੀਂ ਬਣ ਜਾਂਦੇ, ਚੂਹੇ ਹੀ ਰਹਿੰਦੇ ਹਾਂ। ਇਸ ਵਿਚਾਰ ਚਰਚਾ ਵਿੱਚ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ ਤੇ ਅਮਰੀਕਾ ਕੈਨੇਡਾ ਤੋਂ ਆਏ ਸਮਾਜਿਕ ਆਗੂਆਂ ਨੇ ਭਾਗ ਲਿਆ। ਬਾਬਾ ਬੰਦਾ ਸਿੰਘ ਭਵਨ ਰਕਬਾ (ਲੁਧਿ:) ਵਿਖੇ ਵਿਚਾਰ ਗੋਸ਼ਟੀ ਵਿੱਚ ਕੌਮੀ ਸਨਮਾਨ ਪ੍ਰਾਪਤ ਅਧਿਆਪਕ ਤੇ ਸ਼੍ਰੋਮਣੀ ਬਾਲ ਸਾਹਿੱਤ ਲੇਖਕ ਸ. ਅਮਰੀਕ ਸਿੰਘ ਤਲਵੰਡੀ, ਸਰਦਾਰਨੀ ਲਖਵੰਤ ਕੌਰ (ਕੈਨੇਡਾ) ਪੰਜਾਬ ਐਕਸਪ੍ਰੈੱਸ ਸਪਤਾਹਿਕ ਤੇ ਟੀ ਵੀ ਚੈਨਲ ਸੈਕਰਾਮਿੰਟੋ ਦੇ ਮੁੱਖ ਸੰਪਾਦਕ ਗੁਰਜਤਿੰਦਰ ਸਿੰਘ, ਪੰਜਾਬੀ ਕਵੀ ਤੇ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਮੀਤ ਪ੍ਰਧਾਨ ਤ੍ਰੈਲੋਚਨ ਲੋਚੀ,ਡਾ: ਨੀਲਮ ਖੋਸਲਾ, ਹਰਬਿੰਦਰ ਸਿੰਘ ਬੀਲ੍ਹਾ(ਕੈਨੇਡਾ) ਤੇ ਹੈਪੀ ਦਿਉਲ ਪ੍ਰਧਾਨ ਬਾਬਾ ਬੰਦਾ ਸਿੰਘ ਫਾਉਂਡੇਸ਼ਨ ਕੈਨੇਡਾ ਇਕਾਈ ਹੋਰ ਬੁਲਾਰਿਆਂ ਨੇ ਵੀ ਸੰਬੋਧਨ ਕੀਤਾ। ਕ੍ਰਿਸ਼ਨ ਕੁਮਾਰ ਬਾਵਾ ਦੀ ਵਿਆਹ ਵਰ੍ਹੇਗੰਢ ਵੀ ਇਸੇ ਦਿਨ ਹੋਣ ਕਾਰਨ ਸਭ ਨੇ ਬਾਵਾ ਦੰਪਤੀ ਨੂੰ ਮੁਬਾਰਕ ਦਿੱਤੀ ਅਤੇ ਸਾਬਕਾ ਮੰਤਰੀ ਸ. ਮਲਕੀਤ ਸਿੰਘ ਦਾਖਾ ਤੇ ਫਾਉਂਡੇਸ਼ਨ ਦੇ ਪ੍ਰਧਾਨ ਸ. ਕਰਨੈਲ ਸਿੰਘ ਗਿੱਲ ਨੇ ਲੱਡੂ ਵੰਡ ਕੇ ਸਭ ਦਾ ਮੂੰਹ ਮਿੱਠਾ ਕਰਵਾਇਆ। ਇਸ ਪ੍ਰਭਾਵਸ਼ਾਲੀ ਸਮਾਰੋਹ ਦੀ ਆਰੰਭਤਾ 'ਤੇ ਪ੍ਰਵਾਸੀ ਮੀਡੀਆ ਦੀ ਅਮਰੀਕਾ ਤੋਂ ਆਈ ਹਸਤੀ ਸ. ਗੁਰਜਤਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਅੱਜ ਦੇ ਮਸ਼ੀਨੀ ਅਤੇ ਭੱਜ-ਦੌੜ ਦੇ ਯੁੱਗ ਵਿਚ ਅਸੀਂ ਘਰਾਂ ਵਿਚ ਬੈਠੇ ਹੀ ਆਪਣਿਆਂ ਤੋਂ ਦੂਰ ਹੋ ਚੁੱਕੇ ਹਾਂ, ਰਿਸ਼ਤਿਆਂ ਵਿਚੋਂ ਸਤਿਕਾਰ ਦੇ ਮਨਫ਼ੀ ਹੋਣ ਪਿੱਛੇ ਸਮਾਰਟਫੋਨ, ਸ਼ੋਸ਼ਲ ਮੀਡੀਆ ਦਾ ਵੱਡਾ ਰੋਲ ਹੈ। ਸ਼੍ਰੋਮਣੀ ਲੇਖਕ ਅਮਰੀਕ ਸਿੰਘ ਤਲਵੰਡੀ ਨੇ ਸਾਦੇ ਅਤੇ ਟਿਕਾਊ ਸ਼ਬਦਾਂ 'ਚ ਰਿਸ਼ਤਿਆਂ ਦਾ ਸਤਿਕਾਰ ਵਿਸ਼ੇ 'ਤੇ ਬੋਲਦਿਆਂ ਕਿਹਾ ਕਿ ਵੱਡਿਆਂ ਅੱਗੇ ਝੁਕ ਜਾਣਾ ਹੀ ਵੱਡਾ ਸਤਿਕਾਰ ਹੈ। ਉਨ੍ਹਾਂ ਦੱਸਿਆ ਕਿ ਆਪਣੀ ਮਾਤ ਭਾਸ਼ਾ ਵਿਚ ਰਹਿ ਕੇ ਮਾਪਿਆਂ ਨੂੰ ਸਤਿਕਾਰ ਦਿੱਤਾ ਜਾਵੇ। ਰਿਸ਼ਤਿਆਂ ਵਿਚ ਵੱਡਾ-ਛੋਟਾ ਹੋਣਾ ਓਨਾ ਲਾਜ਼ਮੀ ਨਹੀਂ, ਜਿਨ੍ਹਾਂ ਕਿ ਨਿਮਰਤਾ ਅਤੇ ਸਾਦਗੀ ਹੈ। ਪ੍ਰਿੰਸੀਪਲ ਲਖਵੰਤ ਕੌਰ ਕੈਨੇਡਾ ਨੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਸਾਡੀ ਬੋਲਬਾਣੀ ਹੀ ਸਾਡੇ ਅੰਦਰਲੇ ਸਤਿਕਾਰ ਦਾ ਸ਼ੀਸ਼ਾ ਹੁੰਦੀ ਹੈ, ਤਲਖ ਅਤੇ ਕੋੜੇ ਬੋਲ ਰਿਸ਼ਤਿਆਂ ਦੀਆਂ ਜੜ੍ਹਾਂ ਵੱਢ ਦਿੰਦੇ ਹਨ। ਉਨ੍ਹਾਂ ਕਿਹਾ ਕਿ ਰਿਸ਼ਤੇ ਕੱਚੇ ਧਾਗੇ ਵਾਂਗ ਹੁੰਦੇ ਹਨ, ਇਨ੍ਹਾਂ ਨੂੰ ਪਿਆਰ ਅਤੇ ਸਤਿਕਾਰ ਦੀ ਗੰਢ ਨਾਲ ਹੀ ਪੱਕਾ ਕੀਤਾ ਜਾ ਸਕਦਾ ਹੈ। ਲੁਧਿਆਣਾ ਦੀ ਪ੍ਰਮੁੱਖ ਸ਼ਖ਼ਸੀਅਤ ਡਾ: ਨੀਲਮ ਖੋਸਲਾ ਨੇ ਕਿਹਾ ਕਿ ਰਿਸ਼ਤਿਆਂ ਨੂੰ ਸਾਂਭਣ ਦੀ ਜਾਚ ਆਉਣੀ ਲਾਜ਼ਮੀ ਹੈ, ਝੁਕ ਕੇ ਗਲਤੀ ਮੰਨਣ ਵਾਲਾ ਹੀ ਰਿਸ਼ਤਿਆਂ ਦੀ ਅਸਲ ਕੀਮਤ ਜਾਣਦਾ ਹੈ, ਜਦੋਂ ਸਾਡੇ ਆਪਸੀ ਵਿਹਾਰ ਵਿਚ ਨਿਮਰਤਾ ਅਤੇ ਸਤਿਕਾਰ ਸ਼ਾਮਿਲ ਹੋ ਜਾਂਦਾ ਹੈ ਤਾਂ ਇਹ ਆਮ ਜ਼ਿੰਦਗੀ ਵੀ ਕਮਾਲ ਬਣ ਜਾਂਦੀ ਹੈ। ਕੈਨੇਡਾ ਤੋਂ ਆਏ ਰੀਟਾਇਰਡ ਪੀ ਸੀ ਐੱਸ ਅਧਿਕਾਰੀ ਸ. ਹਰਚਰਨ ਸਿੰਘ ਸੰਧੂ ਮਾਨੂੰਕੇਨੇ ਕਿਹਾ ਕਿ ਮਾਂ ਬਾਪ ਤੇ ਪਰਿਵਾਰ ਸਾਨੂੰ ਜੋ ਸਿਖਾਉਂਦਾ ਹੈ ਉਹ ਸਾਰੀ ਉਮਰ ਦੇਸ਼ ਪਰਦੇਸ਼ ਵਿੱਚ ਕੰਮ ਆਉਂਦਾ ਹੈ। ਵਿਨੀਪੈਗ (ਕੈਨੇਡਾ) ਸਥਿਤ ਰੇਡੀਓ ਆਪਣਾ ਦੀ ਮੁੱਖ ਸੰਚਾਲਕ ਮਨਧੀਰ ਕੌਰ ਮਨੂ ਨੇ ਵੀ ਸਰੋਤਿਆਂ ਨਾਲ ਮੁੱਲਵਾਨ ਨੁਕਤੇ ਸਾਂਝੇ ਕਰਦਿਆਂ ਕਿਹਾ ਕਿ ਸੰਕਟ ਦੀ ਘੜੀ ਰਿਸ਼ਤਿਆਂ ਦੀ ਅਸਲ ਪਰਖ ਹੁੰਦੀ ਹੈ। ਖੂਨ ਦੇ ਰਿਸ਼ਤੇ ਵੀ ਸੰਕਟ ਵੇਲੇ ਪਰਖੇ ਜਾਂਦੇ ਹਨ ਪਰ ਆਪਣੀ ਮਰਜ਼ੀ ਨਾਲ ਸਿਰਜੇ ਰਿਸ਼ਤੇ ਬਹੁਤੀ ਵਾਰ ਪਰਖ ਵਿੱਚੋਂ ਪਾਸ ਹੋ ਜਾਂਦੇ ਹਨ। ਇਸ ਲਈ ਰਿਸ਼ਤਿਆਂ ਵਿੱਚ ਸੰਤੁਲਨ ਜ਼ਰੂਰੀ ਹੈ। ਇਸ ਮੌਕੇ ਸਾਬਕਾ ਡੀ ਪੀ ਆਰ ਓ ਸ. ਗਿਆਨ ਸਿੰਘ ਮੋਗਾ, ਪ੍ਰਿੰਸੀਪਲ ਬਲਦੇਵ ਬਾਵਾ, ਬਾਬੂ ਸਿੰਘ ਇੰਸਪੈਕਟਰ, ਕਰਨੈਲ ਸਿੰਘ ਗਿੱਲ, ਅਨਿਲ ਸੇਠੀ, ਬੀਬੀ ਜੋਗਿੰਦਰ ਕੌਰ,ਰਾਕੇਸ਼ ਗੋਇਲ, ਹਰਬੰਤ ਸਿੰਘ ਦਿਓਲ, ਹਰਬਿੰਦਰ ਗਰੇਵਾਲ, ਹੇਮਰਾਜ ਗੋਇਲ, ਅਰਜਨ ਬਾਵਾ, ਦਮਨ ਸ਼ਰਮਾ, ਕਿਰਪਾਲ ਹੰਭੜਾਂ, ਜਗਜੀਵਨ ਸਿੰਘ ਗਰੀਬ ਨੇ ਵੀ ਸ਼ਿਰਕਤ ਕੀਤੀ। ਫਾਉਂਡੇਸ਼ਨ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ ਵਲੋਂ ਪੂਰੇ ਸਮਾਰੋਹ ਦੀ ਸਮਾਪਤੀ ਸਮੇਂ ਸਮੁੱਚੇ ਬੁਲਾਰਿਆਂ ਤੇ ਪ੍ਰਵਾਸੀ ਮਹਿਮਾਨਾਂ ਨੂੰ ਪੁਸਤਕਾਂ ਦੇ ਸੈੱਟ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਸਭ ਮਹਿਮਾਨਾਂ ਤੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਡੀ ਫਾਉਂਡੇਸ਼ਨ ਧਾਰਮਿਕ ਸਮਾਗਮਾਂ ਦੇ ਨਾਲ ਸਮਾਜਿਕ ਪ੍ਰੋਗਰਾਮਾਂ ਨੂੰ ਵੀ ਪਹਿਲ ਦਿੰਦੀ ਹੈ ਅਤੇ ਨੇੜ ਭਵਿੱਖ ਵਿੱਚ ਸਾਦੇ ਵਿਆਹ ਦੇ ਨਾਲ ਨਾਲ ਸਮਾਜਿਕ ਸਮਾਰੋਹਾਂ ਵਿੱਚ ਭੋਜਨ ਦੀ ਬੇਹੁਰਮਤੀ ਬਾਰੇ ਵੀ ਗੋਸ਼ਟੀਆਂ ਕਰਵਾਈਆਂ ਜਾਣਗੀਆਂ। ਫਾਉਂਡੇਸ਼ਨ ਦੇ ਸਰਪ੍ਰਸਤ ਸਾਬਕਾ ਮੰਤਰੀ ਸ. ਮਲਕੀਤ ਸਿੰਘ ਦਾਖਾ ਨੇ ਸਭਨਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਚੰਗੇ ਵਿਚਾਰਾਂ ਦੀ ਸੰਗਤ ਨਾਲ ਹੀ ਰਿਸ਼ਤਿਆਂ ਸਤਿਕਾਰ ਪ੍ਰਬਲ ਹੋਵੇਗਾ। ਸਾਨੂੰ ਆਪੋ ਆਪਣੇ ਪ੍ਰਭਾਵ ਖੇਤਰ ਵਿੱਚ ਨਫ਼ਰਤ ਤੇ ਸਾੜੇ ਕੀਨੇ ਦੀ ਥਾਂ ਮੁਹੱਬਤ ਬੀਜਣੀ ਚਾਹੀਦੀ ਹੈ।



# ਲੁਧਿਆਣਾ ਦੀ ਕੇਂਦਰੀ, ਬੋਰਸਟਲ ਅਤੇ ਜਨਾਨਾ ਜੇਲ੍ਹਾਂ ਦਾ ਵਿਧਾਨ ਸਭਾ ਕਮੇਟੀ ਵੱਲੋਂ ਵਿਆਪਕ ਨਿਰੀਖਣ

## ਵਿਧਾਨ ਸਭਾ ਕਮੇਟੀ ਵੱਲੋਂ ਜੇਲ੍ਹ ਪ੍ਰਸ਼ਾਸਨ ਨੂੰ ਪ੍ਰਕਿਰਿਆਵਾਂ ਸੁਚਾਰੂ ਬਣਾਉਣ ਦੇ ਨਿਰਦੇਸ਼

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**

ਪੰਜਾਬ ਵਿਧਾਨ ਸਭਾ ਦੀ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਨੇ ਲੁਧਿਆਣਾ ਦੀ ਕੇਂਦਰੀ ਜੇਲ੍ਹ ਲੁਧਿਆਣਾ, ਬੋਰਸਟਲ ਜੇਲ੍ਹ, ਲੁਧਿਆਣਾ ਅਤੇ ਜਨਾਨਾ ਜੇਲ੍ਹ, ਲੁਧਿਆਣਾ ਦਾ? ਵਿਆਪਕ ਨਿਰੀਖਣ ਕਰਕੇ ਕੈਦੀਆਂ ਅਤੇ ਵਿਚਾਰ ਅਧੀਨ ਕੈਦੀਆਂ ਲਈ ਸਹੂਲਤਾਂ ਦਾ ਮੁਲਾਂਕਣ ਕੀਤਾ। ਸਭਾਪਤੀ ਤੇ ਜਗਰਾਉਂ ਤੋਂ ਵਿਧਾਇਕ ਸਰਵਜੀਤ ਕੌਰ ਮਾਣੂੰਕੇ ਦੀ ਅਗਵਾਈ ਹੇਠਲੀ ਇਸ ਕਮੇਟੀ ਵਿੱਚ ਅੰਮ੍ਰਿਤਸਰ ਪੱਛਮੀ ਦੇ ਵਿਧਾਇਕ ਡਾ. ਜਸਬੀਰ ਸਿੰਘ ਸੰਧੂ, ਬਠਿੰਡਾ ਦਿਹਾਤੀ ਤੋਂ ਵਿਧਾਇਕ ਇੰਜ. ਅਮਿਤ ਰਤਨ, ਭੁੱਚੋਂ ਦੇ ਵਿਧਾਇਕ ਮਾਸਟਰ ਜਗਸੀਰ ਸਿੰਘ, ਨਵਾ ਸ਼ਹਿਰ ਦੇ ਵਿਧਾਇਕ ਡਾ. ਨੱਛਤਰ ਪਾਲ, ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਅਤੇ ਬਾਬਾ ਬਕਾਲਾ ਦੇ ਵਿਧਾਇਕ ਦਲਬੀਰ ਸਿੰਘ ਟੌਂਗ ਨੇ ਅਧਿਕਾਰੀਆਂ ਦੇ ਨਾਲ ਤਿੰਨੋਂ ਜੇਲ੍ਹਾਂ ਦੇ ਦੌਰੇ ਕੀਤੇ। ਸਭਾਪਤੀ ਤੇ ਜਗਰਾਉਂ ਤੋਂ ਵਿਧਾਇਕ ਸਰਵਜੀਤ ਕੌਰ ਮਾਣੂੰਕੇ ਦੀ ਅਗਵਾਈ ਹੇਠਲੀ ਇਸ ਕਮੇਟੀ ਨੇ





ਕੈਦੀਆਂ ਅਤੇ ਵਿਚਾਰ ਅਧੀਨ ਕੈਦੀਆਂ ਦੀਆਂ ਸਮੱਸਿਆਵਾਂ ਵੀ ਸੁਣੀਆਂ। ਕੈਦੀਆਂ ਨੇ ਕਮੇਟੀ ਨੂੰ ਕਿਹਾ ਕਿ ਲੰਬੇ ਸਮੇਂ ਤੋਂ ਸਾਨੂੰ ਮਾਫ਼ੀ ਨਹੀਂ ਦਿੱਤੀ ਗਈ ਇਸ ਲਈ ਮਾਫ਼ੀ ਜਾਰੀ ਕੀਤੀ ਜਾਵੇ। ਸਭਾਪਤੀ ਤੇ ਜਗਰਾਉਂ ਤੋਂ ਵਿਧਾਇਕ ਸਰਵਜੀਤ ਕੌਰ ਮਾਣੂੰਕੇ ਦੀ ਅਗਵਾਈ ਹੇਠਲੀ ਇਸ ਕਮੇਟੀ ਨੇ ਕੈਦੀਆਂ ਨੂੰ ਭਰੋਸਾ ਦਿੱਤਾ ਕਿ ਇਸ ਮੰਗ ਨੂੰ ਕਮੇਟੀ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਤੱਕ ਲੈ ਕੇ ਜਾਵੇਗੀ ਤਾਂ ਜੋ ਮੰਗ ਨੂੰ ਪੂਰਾ ਕੀਤਾ ਜਾ ਸਕੇ। ਸਭਾਪਤੀ ਤੇ ਵਿਧਾਇਕ ਸਰਵਜੀਤ ਕੌਰ ਮਾਣੂੰਕੇ ਨੇ ਮੈਂਬਰਾਂ ਦੇ ਨਾਲ ਜੇਲ੍ਹਾਂ ਦੀਆਂ ਬੈਰਕਾਂ, ਰਸੋਈ, ਭੋਜਨ ਸੇਵਾਵਾਂ, ਪਖਾਨੇ, ਸਫਾਈ ਅਤੇ ਹੋਰ ਸਹੂਲਤਾਂ ਦੀ ਚੰਗੀ ਤਰ੍ਹਾਂ ਜਾਂਚ ਕੀਤੀ। ਉਨ੍ਹਾਂ ਜੇਲ੍ਹਾਂ ਅੰਦਰ ਰਸੋਈ ਦੇ ਖਾਣੇ ਦਾ ਵੀ ਸੁਆਦ ਲਿਆ ਅਤੇ ਕੈਦੀਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਸਫਾਈ ਦੇ ਉੱਚ ਮਿਆਰਾਂ ਨੂੰ ਬਣਾਈ ਰੱਖਣ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ, ਖਾਸ ਕਰਕੇ ਰਸੋਈ ਵਿੱਚ, ਜਿੱਥੇ ਉਨ੍ਹਾਂ ਕੈਦੀਆਂ ਨੂੰ ਦਿੱਤੇ ਜਾਣ ਵਾਲੇ ਖਾਣੇ ਦੀ ਗੁਣਵੱਤਾ ਅਤੇ ਸਫਾਈ ਦਾ ਨਿੱਜੀ ਤੌਰ ’ਤੇ ਮੁਲਾਂਕਣ ਕੀਤਾ। ਉਨ੍ਹਾਂ ਜੇਲ੍ਹ ਦੇ ਹਸਪਤਾਲ ਦਾ ਦੌਰਾ ਕੀਤਾ, ਡਾਕਟਰੀ ਸੇਵਾਵਾਂ ਬਾਰੇ ਵਿਸਤ੍ਰਿਤ ਜਾਣਕਾਰੀ ਇਕੱਠੀ ਕੀਤੀ, ਜਿਸ ਵਿੱਚ ਓਟ ਕਲੀਨਿਕ, ਐੱਚ. ਆਈ. ਵੀ ਲਈ ਐਂਟੀਰੇਟਰੋਵਾਇਰਲ ਥੈਰੇਪੀ (ਏ. ਆਰ. ਟੀ), ਟੀ.ਬੀ ਦੇ ਇਲਾਜ ਅਤੇ ਕਾਉਂਸਲਿੰਗ ਪ੍ਰੋਗਰਾਮ ਸ਼ਾਮਲ ਹਨ। ਉਨ੍ਹਾਂ ਨੇ ਕੈਦੀਆਂ ਲਈ ਲੋੜੀਂਦੀ ਗਿਣਤੀ ਵਿੱਚ ਵਾਸ਼ਰੂਮਾਂ ਅਤੇ ਉਨ੍ਹਾਂ ਦੀ ਨਿਯਮਤ ਸਫਾਈ ਅਤੇ ਰੱਖ-ਰਖਾਅ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ। ਜੇਲ੍ਹ ਦੇ ਆਲੇ-ਦੁਆਲੇ ਦੇ ਉਦਯੋਗ ਖੇਤਰ ਨੂੰ ਧਿਆਨ ਵਿੱਚ ਰੱਖਦੇ ਹੋਏ, ਸਭਾਪਤੀ ਨੇ ਉਕਤ ਉਦਯੋਗ ਵਿੱਚ ਵਰਤੇ ਜਾ ਰਹੇ ਰਸਾਇਣਾਂ ਦੀ ਪਛਾਣ ਕਰਨ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ ਅਤੇ ਆਫ਼ਤ ਦੀ ਤਿਆਰੀ ਦੇ ਹਿੱਸੇ ਵਜੋਂ ਐਮਰਜੈਂਸੀ ਪ੍ਰਤੀਕਿਰਿਆ ਯੋਜਨਾਵਾਂ ਜਿਵੇਂ ਕਿ ਉਨ੍ਹਾਂ ਦੇ ਐਂਟੀਡੋਟ ਆਦਿ ਦਾ ਪਤਾ ਲਗਾਇਆ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਨੇ ਬੇਕਰੀ, ਤਰਖਾਣ, ਵੈਲਡਿੰਗ, ਪਾਵਰਲੂਮ, ਬੁਣਾਈ, ਲੱਕੜ ਦਾ ਕੰਮ ਅਤੇ ਟੇਲਰਿੰਗ ਵਰਕਸ਼ਾਪਾਂ ਵਰਗੇ ਕਿੱਤਾਮੁਖੀ ਭਾਗਾਂ ਦਾ ਦੌਰਾ ਕੀਤਾ। ਉਨ੍ਹਾਂ ਸੀ.ਸੀ.ਟੀ.ਵੀ ਕੰਟਰੋਲ ਰੂਮ ਅਤੇ ਹੋਰ ਮਨੋਰੰਜਨ ਸਹੂਲਤਾਂ ਦਾ ਵੀ ਨਿਰੀਖਣ ਕੀਤਾ। ਜੇਲ੍ਹ ਅਧਿਕਾਰੀਆਂ ਨੇ ਉਨ੍ਹਾਂ ਨੂੰ ਹੁਨਰ ਵਿਕਾਸ ਲਈ ਕੈਦੀਆਂ ਲਈ ਉਪਲਬਧ ਵੱਖ-ਵੱਖ ਉਦਯੋਗਿਕ ਸਿਖਲਾਈ ਸੰਸਥਾ (ਆਈ.ਟੀ.ਆਈ) ਕੋਰਸਾਂ ਬਾਰੇ ਜਾਣਕਾਰੀ ਦਿੱਤੀ। ਜੇਲ੍ਹਾਂ ਦੇ ਅਧਿਕਾਰੀਆਂ ਨਾਲ ਇੱਕ ਮੀਟਿੰਗ ਵਿੱਚ, ਸਭਾਪਤੀ ਤੇ ਵਿਧਾਇਕ ਸਰਵਜੀਤ ਕੌਰ ਮਾਣੂੰਕੇ ਅਤੇ ਮੈਂਬਰਾਂ ਨੇ ਪ੍ਰਸ਼ਾਸਕੀ ਪ੍ਰਕਿਰਿਆਵਾਂ ਦੀ ਸਮੀਖਿਆ ਕੀਤੀ ਅਤੇ ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਣ ਲਈ ਨਿਰਦੇਸ਼ ਜਾਰੀ ਕੀਤੇ, ਇਹ ਯਕੀਨੀ ਬਣਾਉਂਦੇ ਹੋਏ ਕਿ ਵਿਚਾਰ ਅਧੀਨ ਕੈਦੀ ਅਤੇ ਕੈਦੀ ਸਥਾਪਿਤ ਪ੍ਰੋਟੋਕੋਲ ਦੇ ਅਨੁਸਾਰ ਪਰਿਵਾਰਕ ਮੈਂਬਰਾਂ ਨੂੰ ਮਿਲ ਸਕਣ। ਉਨ੍ਹਾਂ ਨੇ ਕੈਦੀਆਂ ਦੀ ਸਮੁੱਚੀ ਸਿਹਤ ਅਤੇ ਤੰਦਰੁਸਤੀ ਬਾਰੇ ਵੀ ਪੁੱਛਗਿੱਛ ਕੀਤੀ।

ਬਾਅਦ ਵਿੱਚ ਸਰਵਜੀਤ ਕੌਰ ਮਾਣੂੰਕੇ ਅਤੇ ਹੋਰ ਕਮੇਟੀ ਮੈਂਬਰਾਂ ਵੱਲੋਂ ਜਨਾਨਾ ਜੇਲ੍ਹ, ਲੁਧਿਆਣਾ ਦੀਆਂ ਬੰਦੀ ਔਰਤਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਤੋਂ ਜੇਲ੍ਹ ਹਸਪਤਾਲ ਵਿੱਚ ਮਿਲ ਰਹੀਆਂ ਸਿਹਤ ਸਹੂਲਤਾਂ, ਦਿੱਤਾ ਜਾ ਰਿਹਾ ਖਾਣਾ ਅਤੇ ਉਨ੍ਹਾਂ ਦੇ ਅਦਾਲਤਾਂ ਵਿਚ ਚੱਲ ਰਹੇ ਕੇਸਾਂ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਨੇ ਜੇਲ੍ਹ ਬੰਦੀਆਂ ਨੂੰ ਦੱਸਿਆ ਕਿ ਜਿਹੜੇ ਬੰਦੀ ਆਪਣੇ ਕੇਸ ਦੀ ਪੈਰਵੀ ਲਈ ਆਪਣੇ ਪ੍ਰਾਈਵੇਟ ਪੱਧਰ ’ਤੇ ਵਕੀਲ ਹਾਇਰ ਕਰਨ ਵਿੱਚ ਅਸਮਰੱਥ ਹਨ, ਉਹ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਤੋਂ ਮੁਫਤ ਕਾਨੂੰਨੀ ਸਹਾਇਤਾ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਜੇਲ੍ਹ ਬੰਦੀਆਂ ਨੂੰ ਦੱਸਿਆ ਕਿ ਮੁਫਤ ਕਾਨੂੰਨੀ ਸਹਾਇਤਾ ਲੈਣ ਲਈ ਜੇਲ੍ਹ ਵਿੱਚ ਖੋਲ੍ਹੇ ਹੋਏ ਲੀਗਲ ਏਡ ਕਲੀਨਿਕ ਵਿੱਚ ਪੇਸ਼ ਹੋ ਕੇ ਕਾਨੂੰਨੀ ਸਹਾਇਤਾ ਦਾ ਫਾਰਮ ਭਰਵਾਇਆ ਜਾ ਸਕਦਾ ਹੈ। ਵਿਧਾਨ ਸਭਾ ਕਮੇਟੀ ਨੇ ਅੱਗੇ ਦੱਸਿਆ ਕਿ ਲੁਧਿਆਣਾ ਦੀ ਮਹਿਲਾ ਜੇਲ੍ਹ ਦਾ ਇਹ ਦੌਰਾ ਕਰਨਾ ਇਸ ਲਈ ਯਕੀਨੀ ਬਣਾਉਣ ’ਤੇ ਕੇਂਦਰਿਤ ਸੀ ਕਿ ਮਹਿਲਾ ਕੈਦੀਆਂ ਦੇ ਅਧਿਕਾਰਾਂ ਨੂੰ ਬਰਕਰਾਰ ਰੱਖਿਆ ਜਾਵੇ ਅਤੇ ਉਨ੍ਹਾਂ ਨੂੰ ਦਰਪੇਸ਼ ਕਿਸੇ ਵੀ ਮੁੱਦੇ ਨੂੰ ਹੱਲ ਕੀਤਾ ਜਾ ਸਕੇ। ਉਨ੍ਹਾਂ ਨੇ ਪੁਸ਼ਟੀ ਕਰਦਿਆਂ ਕਿਹਾ ਕਿ ਜੇਲ੍ਹ ਪ੍ਰਸ਼ਾਸਨ ਕਿਸੇ ਵੀ ਸਮੱਸਿਆ ਨੂੰ ਜਲਦ ਹੱਲ ਕਰਨ ਅਤੇ ਸਾਰੀਆਂ ਔਰਤਾਂ ਨਾਲ ਨਿਰਪੱਖ ਵਿਵਹਾਰ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ। ਸਭਾਪਤੀ ਅਤੇ ਕਮੇਟੀ ਮੈਂਬਰ ਜਨਾਨਾ ਜੇਲ੍ਹ ਵਿੱਚ ਬੰਦੀ ਔਰਤਾਂ ਨਾਲ ਰਹਿ ਰਹੇ ਛੋਟੇ ਬੱਚਿਆਂ ਨੂੰ ਵੀ ਮਿਲੇ ਅਤੇ ਉਨ੍ਹਾਂ ਨੂੰ ਪੜ੍ਹਨ ਲਈ ਪ੍ਰੇਰਿਤ ਕੀਤਾ। ਸਭਾਪਤੀ ਅਤੇ ਕਮੇਟੀ ਮੈਂਬਰ ਨੇ ਜਾਣ ਤੋਂ ਪਹਿਲਾਂ ਜੇਲ੍ਹਾਂ ਦੇ ਵਿਜ਼ਟਰ ਰਜਿਸਟਰ ਵਿੱਚ ਆਪਣੇ ਸੁਝਾਅ ਵੀ ਦਰਜ ਕੀਤੇ। ਇਸ ਮੌਕੇ ਸਹਾਇਕ ਕਮਿਸ਼ਨਰ (ਜਨਰਲ) ਅਤੇ ਉਪ ਮੰਡਲ ਮੈਜਿਸਟਰੇਟ ਸ੍ਰੀਮਤੀ ਪਾਇਲ ਗੋਇਲ, ਐਡੀਸ਼ਨਲ ਡੀ.ਜੀ.ਪੀ (ਜੇਲ੍ਹਾਂ) ਸ੍ਰੀ ਅਰੁਣ ਪਾਲ ਸਿੰਘ, ਡੀ.ਆਈ.ਜੀ ਪਟਿਆਲਾ ਸਰਕਲ (ਜੇਲ੍ਹਾਂ) ਸ੍ਰੀ ਐਸ.ਐਸ.ਮੰਡ, ਕੇਂਦਰੀ ਜੇਲ੍ਹ ਦੇ ਸੁਪਰਡੈਂਟ ਸ੍ਰੀ ਕੁਲਵੰਤ ਸਿੰਘ, ਡਿਪਟੀ ਜੇਲ੍ਹ ਸੁਪਰਡੈਂਟ ਹਰਬੰਸ ਸਿੰਘ, ਬੋਰਸਟਲ ਜੇਲ੍ਹ ਦੇ ਸੁਪਰਡੈਂਟ ਸ੍ਰੀ ਗੁਰਪ੍ਰੀਤ ਸਿੰਘ, ਜਨਾਨਾ ਜੇਲ੍ਹ ਦੇ ਸੁਪਰਡੈਂਟ ਸ੍ਰੀ ਦਲਬੀਰ ਸਿੰਘ ਕਾਹਲੋਂ, ਡਿਪਟੀ ਜੇਲ੍ਹ ਸੁਪਰਡੈਂਟ ਰਵਨੀਤ ਕੌਰ ਤੋਂ ਇਲਾਵਾ ਜ਼ਿਲ੍ਹੇ ਦੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਐਵਰੈਸਟ ਗਰੁੱਪ ਆਫ਼ ਸਕੂਲਜ਼ ਦੇ ਡਾਇਰੈਕਟਰ ਰਜਿੰਦਰ ਸ਼ਰਮਾ ਦਾ ਦੇਹਾਂਤ

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**

ਐਵਰੈਸਟ ਗਰੁੱਪ ਆਫ਼ ਸਕੂਲਜ਼ ਦੇ ਡਾਇਰੈਕਟਰ ਰਜਿੰਦਰ ਸ਼ਰਮਾ (80) ਦੇ ਅਚਾਨਕ ਦੇਹਾਂਤ ਨੇ ਨਾ ਸਿਰਫ਼ ਪਰਿਵਾਰ ਨੂੰ ਵੱਡਾ ਘਾਟਾ ਪਹੁੰਚਾਇਆ ਹੈ ਬਲਕਿ ਭਾਈਚਾਰੇ ਨੂੰ ਵੀ ਸਦਮੇ ਵਿੱਚ ਪਾ ਦਿੱਤਾ ਹੈ। ਲੰਬੇ ਸਮੇਂ ਤੱਕ ਸਿੱਖਿਆ ਦੇ ਖੇਤਰ ਵਿੱਚ ਸੇਵਾ ਕਰਨ ਵਾਲੇ ਰਜਿੰਦਰ ਸ਼ਰਮਾ ਨੇ ਸਕੂਲੀ ਬੱਚਿਆਂ ਨੂੰ ਉੱਚ ਪੱਧਰਾਂ ’ਤੇ ਪਹੁੰਚਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

ਐਵਰੈਸਟ ਗਰੁੱਪ ਆਫ਼ ਸਕੂਲਜ਼ ਵਿੱਚ ਪੜ੍ਹਣ ਵਾਲੇ ਹਜ਼ਾਰਾਂ ਬੱਚਿਆਂ ਵਿੱਚੋਂ ਬਹੁਤਿਆਂ ਨੇ ਨਾ ਸਿਰਫ਼ ਪੰਜਾਬ ਵਿੱਚ ਸਗੋਂ ਵਿਸ਼ਵ ਪੱਧਰ ’ਤੇ ਵੀ ਮਹੱਤਵਪੂਰਨ ਸਫਲਤਾ ਪ੍ਰਾਪਤ ਕੀਤੀ। ਰਜਿੰਦਰ ਸ਼ਰਮਾ ਨੇ ਸਮਾਜਿਕ



ਮੰਚ ’ਤੇ ਵੀ ਆਪਣੇ ਆਪ ਨੂੰ ਵਿਲੱਖਣ ਸ਼ਖਸੀਅਤ ਵਜੋਂ ਉਭਾਰਿਆ। ਉਨ੍ਹਾਂ ਦੀ ਅੰਤਿਮ ਵਿਦਾਇਗੀ ਸਮੇਂ ਵੱਡੀ ਗਿਣਤੀ ਵਿੱਚ ਸਮਾਜਿਕ ਅਤੇ ਧਾਰਮਿਕ ਸ਼ਖ਼ਸੀਅਤਾਂ ਸ਼ਾਮਲ ਹੋਈਆਂ, ਜਿਨ੍ਹਾਂ ਵਿੱਚ ਉਨ੍ਹਾਂ ਦੇ ਪੁੱਤਰ ਧੀਰਜ ਸ਼ਰਮਾ, ਪੰਕਜ ਸ਼ਰਮਾ, ਸੁਨੀਲ ਸ਼ਰਮਾ, ਵਿਨੋਦ ਸ਼ਰਮਾ ਤੋਂ ਇਲਾਵਾ ਡਿਪਟੀ ਮੇਅਰ, ਮਮਤਾ ਆਸ਼ੂ, ਸੰਜੇ ਤਲਵਾੜ, ਸ੍ਰੀ ਸਿਮਰਨਜੀਤ ਸਿੰਘ ਬੈਂਸ (ਦੋਵੇਂ ਸਾਬਕਾ ਵਿਧਾਇਕ), ਅਮਰਜੀਤ ਸਿੰਘ (ਮੌਜੂਦਾ ਕੌਂਸਲਰ), ਜਸਪਾਲ ਸਿੰਘ (ਸਾਬਕਾ ਕੌਂਸਲਰ), ਸ੍ਰੀ ਵੇਦੀ (ਮਾਡਰਨ ਪਬਲਿਕ ਸਕੂਲ), ਰਵੀ ਨੰਦਨ ਸ਼ਰਮਾ, ਟੈਗੋਰ ਮਾਡਲ ਸਕੂਲ, ਅਜੈ ਮਿੱਤਲ ( ਬੋਰਡ ਮੈਂਬਰ), ਰਾਜੂ ਸਾਬਕਾ ਕੌਂਸਲਰ ਸਮੇਤ ਪੂਰੇ ਪਰਿਵਾਰ ਨਾਲ ਆਪਣੀ ਸੰਵੇਦਨਾ ਪ੍ਰਗਟ ਕੀਤੀ।

# ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ ਉਤੇ ਮਲੋਟ ਵਿਖੇ ਦਿੱਲੀ ਅੰਦੋਲਨ ਦੇ ਸ਼ਹੀਦ ਸ਼ੁਭਕਰਨ ਦੀ ਯਾਦ ਵਿੱਚ ਸ਼ਹੀਦੀ ਕਾਨਫਰੰਸ ਕਰਕੇ ਦਿੱਤੀ ਸ਼ਰਧਾਂਜਲੀ

ਜ਼ਿਕਰ ਪੰਜਾਬ

**ਮਲੋਟ/ਨਰਿੰਦਰ ਵਧਵਾ**

ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ ਉਤੇ ਅੱਜ 21 ਫਰਵਰੀ ਨੂੰ ਪੰਜਾਬ ਭਰ ਦੇ ਜਿਲ੍ਹਾ ਕੇਂਦਰਾਂ ਤੇ ਵਿਸ਼ਾਲ ਇਕੱਠ ਕਰਕੇ ਦਿੱਲੀ- 2 ਅੰਦੋਲਨ ਦੌਰਾਨ ਭਾਜਪਾ ਦੀ ਗੋਲੀ ਨਾਲ਼ ਸ਼ਹੀਦ ਸ਼ੁਕਰਨ ਸਿੰਘ ਬੱਲੋ ਸਮੇਤ ਸਾਰੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਾ ਰਹੇ ਹਨ ਇਸ ਐਲਾਨ ਮੁਤਾਬਿਕ ਜਿਲ੍ਹਾ ਮੁਕਤਸਰ ਦੇ ਮਲੋਟ ਗੁਰਦੁਆਰਾ ਸਾਹਿਬ ਦੇ ਵਿੱਚ ਹਜਾਰਾਂ ਕਿਸਾਨ ਮਜ਼ਦੂਰਾਂ ਵੱਲੋਂ ਵੱਡਾ ਇਕੱਠ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ । ਇਸ ਸ਼ਹੀਦੀ ਸਮਾਗਮ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾ ਜਨਰਲ ਸਕੱਤਰ ਰਾਣਾ ਰਣਬੀਰ ਸਿੰਘ ਠੱਠਾ, ਬਲਵਿੰਦਰ ਸਿੰਘ ਹਾਕੂਵਾਲਾ ਤੇ ਬੰਦਾ ਸਿੰਘ ਬਹਾਦਰ ਕਿਸਾਨ ਮਜ਼ਦੂਰ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਨੇਤਾ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿਹਾ ਕੇ ਕਿਸਾਨ ਲਹਿਰ ਦੇ ਸ਼ਹੀਦਾਂ ਨੂੰ ਯਾਦ ਕਰਕੇ ਉਹਨਾਂ ਵੱਲੋਂ ਕਿਸਾਨਾਂ ਮਜਦੂਰਾਂ ਦੇ ਕਿੱਤੇ ਦੀ ਹੋਂਦ ਬਚਾਉਣ ਲਈ ਦਿੱਤੀ ਗਈ ਕੁਰਬਾਨੀ ਅਜਾਈਂ ਨਹੀਂ ਜਾਣ ਦਿੱਤੀ ਜਾਵੇਗੀ। ਅਮਰੀਕੀ ਸਮਰਾਜ ਅੱਗੇ ਗੋਡੇ ਟੇਕ ਕੇ ਕੇਂਦਰ ਸਰਕਾਰ ਵੱਲੋਂ ਕਾਰਪੋਰੇਟ ਘਰਾਣਿਆਂ ਦੇ ਪੱਖ ਵਿੱਚ ਕੀਤੇ ਜਾ ਰਹੇ ਫੈਸਲਿਆ ਤੇ ਬਣਾਏ ਜਾ ਰਹੇ ਕਨੂੰਨਾਂ ਖਿਲਾਫ ਵੱਡੀ ਲੋਕ ਲਹਿਰ ਦੇਸ਼ ਭਰ ਵਿੱਚ ਲਾਮਬੰਦ ਕੀਤੀ ਜਾਵੇਗੀ ਇਸ ਮੌਕੇ ਕਿਸਾਨ ਆਗੂਆਂ ਨੇ ਕਿਹਾ ਕੇ ਸ਼ਹੀਦੀ ਕਾਨਫਰੰਸ ਵਿੱਚ ਮਤੇ ਪਾਸ ਕਰਕੇ ਮੰਗ ਕੀਤੀ ਜਾਵੇਗੀ ਕੇ ਅਮਰੀਕਾ ਦੀ ਨਵ ਬਸਤੀ ਬਣਿਆ ਭਾਰਤੀ ਰਾਜ ਟਰੇਡ ਡੀਲ ਤਰੁੰਤ ਰੱਦ ਕਰੇ ਕਿਉਂਕਿ ਉਕਤ ਵਪਾਰਕ ਸੰਧੀ ਕਿਸਾਨਾਂ ਮਜਦੂਰਾਂ ਦੇ ਕਿੱਤੇ ਦੀ ਮੌਤ ਦੇ ਵਰੰਟ ਹਨ। ਬਿਜਲੀ ਸੋਧ ਬਿੱਲ 2025 ਤੇ ਬੀਜ ਐਕਟ 2025 ਦਾ ਖਰੜਾ ਤਰੁੰਤ ਰੱਦ ਕੀਤਾ ਜਾਵੇ ਚਾਰ ਲੇਵਰ ਕੋਡ ਤੇ ਇੱਕ ਦੇਸ਼ ਇੱਕ ਜਮੀਨੀ ਰਿਕਾਡ ਰੱਦ ਕੀਤਾ ਜਾਵੇ, ਸ਼ੰਭੂ ਖੰਨੌਰੀ ਬਾਡਰਾਂ ਉੱਤੇ ਪੰਜਾਬ ਸਰਕਾਰ ਵੱਲੋਂ ਜ਼ਬਰ ਕਰਦਿਆਂ ਤਿੰਨ ਕਰੋੜ ਸੱਤਤਰ ਲੱਖ ਰੁਪਏ ਦੇ ਕਰੋੜ ਦੇ ਟਰਾਲੀਆਂ ਸਮੇਤ ਹੋਰ ਸਮਾਨ ਦੇ ਕੀਤੇ ਡਾਇਮਜ ਦੀ ਭਰਪਾਈ ਕੀਤੀ ਜਾਵੇ, ਮੋਰਚੇ ਸ਼ਹੀਦਾਂ ਦੇ ਪਰਵਾਰਾ ਨੂੰ ਤੇ ਜਖ਼ਮੀਆਂ ਨੂੰ ਮੁਆਵਜਾ ਦਿੱਤਾ ਜਾਵੇ, ਹੜਾ ਨਾਲ਼ ਫਸਲਾਂ ਤੇ ਘਰਾਂ ਦੇ ਹੋਏ ਨੁਕਸਾਨ ਦਾ ਪੂਰਾ ਮੁਆਵਜਾ ਦਿੱਤਾ ਇਸ ਮੌਕੇ ਤੇ ਰਾਣਾ ਰਣਬੀਰ ਸਿੰਘ ਠੱਠਾ (ਸੁਬ?ਹਾ ਜਨਰਲ ਸਕੱਤਰ) ਬਲਜੀਤ ਸਿੰਘ ਬੱਲ, ਬਲਵਿੰਦਰ ਸਿੰਘ ਹਾਕੂਵਾਲਾ, ਦੇਸਰਾਜ ਹਾਕੂਵਾਲਾ, ਅਵਤਾਰ ਸਿੰਘ ਮਿਠੜੀ, ਹਰਿੰਦਰ ਸਿੰਘ ਥਾਂਦੇਵਾਲਾ, ਦਰਸ਼ਨ ਸਿੰਘ ਧੋਲਾ, ਕੁਲਵੰਤ ਸਿੰਘ, ਹਰਦਿਆਲ ਸਿੰਘ, ਜਗਸੀਰ ਸਿੰਘ ਘੁਮਿਆਰਾਂ, ਨੇਤਾ ਸਿੰਘ ਕੋਟਭਾਈ ਪ੍ਰਧਾਨ, ਨਾਨਕ ਸਿੰਘ ਵਾਈਸ ਪ੍ਰਧਾਨ, ਗਗਨਦੀਪ ਸਿੰਘ ਲੱਕੜਵਾਲਾਂ , ਗੁਰਨਾਮ ਸਿੰਘ ਬਿੱਟੂ ਕੱਖਾਵਾਲੀ, ਸੁਖਚੈਨ ਸਿੰਘ ਸਰਪੰਚ ਕੱਖਾਵਾਲੀ, ਜਰਨੈਲ ਸਿੰਘ,ਨਿਰਮਲ ਸਿੰਘ, ਹਰਜਿੰਦਰ ਸਿੰਘ, ਕਰਮਜੀਤ ਸਿੰਘ ਭਾਰੀ ਮਾਤਰਾ ਵਿੱਚ ਕਿਸਾਨਾਂ ਮਜਦੂਰ, ਜੱਥੇਬੰਦੀਆਂ ਹਾਜ਼ਰ ਸਨ।



# ਪੰਜਾਬ ਵਿੱਚ ਕਾਨੂੰਨ ਵਿਵਸਥਾ ਪ੍ਰਤੀ ਸਰਕਾਰ ਨਾਕਾਮ, ਆਪ੍ਰੇਸ਼ਨ ‘ਪ੍ਰਹਾਰ’ ਸਾਬਤ ਹੋ ਰਿਹਾ ਬੇਅਸਰ : ਪਰਗਟ ਸਿੰਘ

## ਗੁਜਰਾਤ ਵਿੱਚ ਝੂਠਾ ਪ੍ਰਚਾਰ ਕਰ ਰਹੇ ‘ਆਪ’ ਆਗੂ, ਪੰਜਾਬ ਵਿੱਚ ਕਿਸਾਨਾਂ ’ਤੇ ਹੋ ਰਿਹਾ ਜ਼ੁਲਮ

ਜ਼ਿਕਰ ਪੰਜਾਬ

**ਜਲੰਧਰ/ਬਲਵਿੰਦਰ ਕੁਮਾਰ**

ਸਾਬਕਾ ਸਿੱਖਿਆ ਮੰਤਰੀ ਅਤੇ ਵਿਧਾਇਕ ਪਰਗਟ ਸਿੰਘ ਨੇ ਵਿਗੜਦੀ ਕਾਨੂੰਨ ਵਿਵਸਥਾ ਦੀ ਸਥਿਤੀ ਲਈ ਪੰਜਾਬ ਸਰਕਾਰ ਦੀ ਤਿੱਖੀ ਆਲੋਚਨਾ ਕੀਤੀ ਅਤੇ ਇਸਦੇ ਆਪ੍ਰੇਸ਼ਨ ‘ਪ੍ਰਹਾਰ’ ’ਤੇ ਸਵਾਲ ਉਠਾਏ। ਉਨ੍ਹਾਂ ਕਿਹਾ ਕਿ ਗੈਂਗਸਟਰਾਂ ਨੂੰ ਖਤਮ ਕਰਨ ਲਈ ਸਰਕਾਰ ਦੀ ਪ੍ਰਹਾਰ ਮੁਹਿੰਮ ਸਫਲ ਹੁੰਦੀ ਨਹੀਂ ਜਾਪਦੀ। ਕਈ ਗੈਂਗਸਟਰਾਂ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਕਰਨ ਵਾਲੀ ਪੰਜਾਬ ਸਰਕਾਰ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਪੰਜਾਬ ਵਿੱਚ ਰੋਜ਼ਾਨਾ ਗੋਲੀਬਾਰੀ ਕਿਉਂ ਹੋ ਰਹੀ ਹੈ ਅਤੇ ਫਿਰੌਤੀ ਦੀਆਂ ਕਾਲਾਂ ਕਿਉਂ ਨਹੀਂ ਰੁਕ ਰਹੀਆਂ। ਦੋ ਪੁਲਿਸ ਅਧਿਕਾਰੀਆਂ ਨੂੰ ਗੋਲੀ ਮਾਰ ਦਿੱਤੀ ਗਈ ਹੈ। ਹੁਣ, ਪੁਲਿਸ ਅਧਿਕਾਰੀ ਵੀ ਸੁਰੱਖਿਅਤ ਨਹੀਂ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਕਾਨੂੰਨ ਵਿਵਸਥਾ ਨੂੰ ਕੰਟਰੋਲ ਕਰਨ ਵਿੱਚ ਆਪਣੀ ਅਸਮਰੱਥਾ ਅਤੇ ਸਾਡੇ ਕਿਸਾਨਾਂ ’ਤੇ ਅਸਫਲ ਪ੍ਰਹਾਰ ਮੁਹਿੰਮ ’ਤੇ ਆਪਣੀ ਨਿਰਾਸ਼ਾ ਦਾ ਪ੍ਰਗਟਾਵਾ ਕਰ ਰਹੀ ਹੈ। ਗੁਜਰਾਤ ਦੇ ਆਪਣੇ ਪਿਛਲੇ ਦੌਰੇ ਦੌਰਾਨ, ਅਰਵਿੰਦ ਕੇਜਰੀਵਾਲ ਨੇ ਕਿਹਾ ਸੀ ਕਿ ਜਦੋਂ ਸਰਦਾਰ ਪਟੇਲ ਨੇ ਵਿਰੋਧ ਪ੍ਰਦਰਸ਼ਨਾਂ



ਦੀ ਅਗਵਾਈ ਕੀਤੀ ਸੀ, ਤਾਂ ਅੰਗਰੇਜ਼ਾਂ ਨੇ ਕਦੇ ਵੀ ਕਿਸਾਨਾਂ ’ਤੇ ਲਾਠੀਚਾਰਜ, ਅੱਥਰੂ ਗੈਸ ਦੇ ਗੋਲੇ, ਝੂਠੇ ਕੇਸ, ਜੇਲ੍ਹਾਂ ਜਾਂ ਧਾਰਾ 307 ਦੇ ਦੋਸ਼ ਨਹੀਂ ਲਗਾਏ। ਪਰਗਟ ਨੇ ਕਿਹਾ, ‘ਮੈਂ ਗੁਜਰਾਤ ਦੇ ਕਿਸਾਨਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਕੇਜਰੀਵਾਲ ਭੁੱਲ ਗਏ ਹਨ ਕਿ ਉਨ੍ਹਾਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਸ ਹਫ਼ਤੇ ਪੰਜਾਬ ਵਿੱਚ ਸਰਕਾਰ ਵਿਰੁੱਧ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨਾਲ ਇਹ ਸਭ ਕੀਤਾ ਸੀ। ਉਨ੍ਹਾਂ ’ਤੇ ਲਾਠੀਚਾਰਜ ਕੀਤਾ ਗਿਆ, ਅੱਥਰੂ ਗੈਸ ਸੁੱਟੀ ਗਈ ਅਤੇ ਜ਼ਬਰਦਸਤੀ ਜੇਲ੍ਹ ਭੇਜ ਦਿੱਤੀ ਗਈ, ਉਨ੍ਹਾਂ ਨੂੰ ਭੀੜ ਦਾ ਲੇਬਲ ਦਿੱਤਾ ਗਿਆ। ਉਨ੍ਹਾਂ ਨਾਲ ਅਪਰਾਧੀਆਂ ਵਰਗਾ ਸਲੂਕ ਕੀਤਾ ਗਿਆ।’ ਸਾਬਕਾ ਸਿੱਖਿਆ ਮੰਤਰੀ ਨੇ ਕਿਹਾ ਕਿ ਗੁਰਦਾਸਪੁਰ ਚੈੱਕਪੋਸਟ ’ਤੇ ਗੋਲੀਬਾਰੀ ਵਿੱਚ ਦੋ ਪੁਲਿਸ ਅਧਿਕਾਰੀ ਮਾਰੇ ਗਏ ਸਨ। ਇਸ ਪਿੱਛੇ ਸੱਚਾਈ ਅਜੇ ਸਾਹਮਣੇ ਨਹੀਂ ਆਈ ਹੈ। ਭੁੱਲਥ ਹਲਕੇ ਦੇ ਨੰਗਲ ਲੁਬਾਣਾ ਪਿੰਡ ਵਿੱਚ ਇੱਕ ਐਨਆਰਆਈ ਦੇ ਘਰ ’ਤੇ ਦੇਰ ਰਾਤ ਕਈ ਗੋਲੀਆਂ ਚਲਾਈਆਂ ਗਈਆਂ। ਇਸ ਦੌਰਾਨ, ਤਰਨਤਾਰਨ ਵਿੱਚ, ਇੱਕ ਔਰਤ ਦੀ ਜਨਤਕ ਤੌਰ ’ਤੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਹ ਘਟਨਾਵਾਂ ਪੰਜਾਬ ਵਿੱਚ ਵਿਗੜਦੀ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਉਜਾਗਰ ਕਰਦੀਆਂ ਹਨ। ਇਹ ਗੈਂਗਸਟਰ ਪ੍ਰਹਾਰ ਵਿਰੁੱਧ ਪੰਜਾਬ ਸਰਕਾਰ ਦੀ ਮੁਹਿੰਮ ’ਤੇ ਵੀ ਸਵਾਲ ਖੜ੍ਹੇ ਕਰਦੀਆਂ ਹਨ। ਸਰਕਾਰ ਨੇ ਅਜੇ ਤੱਕ ਇਸ ਮਾਮਲੇ ਵਿੱਚ ਕੋਈ ਠੋਸ ਕਾਰਵਾਈ ਨਹੀਂ ਕੀਤੀ ਹੈ। ਇਹ ਚੱਲ ਰਹੀਆਂ ਘਟਨਾਵਾਂ ਨੂੰ ਰੋਕਣ ਵਿੱਚ ਬੇਅਸਰ ਸਾਬਤ ਹੋ ਰਿਹਾ ਹੈ। ਇਹ ਪੰਜਾਬ ਦੀ ਸ਼ਾਂਤੀ ਅਤੇ ਸੁਰੱਖਿਆ ਲਈ ਗੰਭੀਰ ਖ਼ਤਰਾ ਪੈਦਾ ਕਰਦਾ ਹੈ।

# ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸ਼ੀਅਤ ਬਿਆਨ ਕਰਨ ਲਈ ਲਈ ਸ਼ਬਦ ਥੁੜ੍ਹ ਜਾਂਦੇ ਹਨ : ਸੰਤ ਅਮੀਰ ਸਿੰਘ

ਜ਼ਿਕਰ ਪੰਜਾਬ

**ਲੁਧਿਆਣਾ/ਪ੍ਰਿਤਪਾਲ ਸਿੰਘ ਪਾਲੀ**

ਗੁਰਦੁਆਰਾ ਗੁਰੂ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਵਿਖੇ ਤਿੰਨ ਦਿਨਾਂ ਵਿਸ਼ਵ ਪੰਜਾਬੀ ਕਾਨਫਰੰਸ ਦੇ ਦੂਜੇ ਦਿਨ ਸਵੇਰ ਚੌਥੀ ਵਿ?ਦਅਕ ਬੈਠਕ ਦੀ ਪ੍ਰਧਾਨਗੀ ਮੰਡਲ ਵਿੱਚ ਡਾ: ਪ੍ਰਿਤਪਾਲ ਸਿੰਘ ਵਾਈਸ ਚਾਂਸਲਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਡਾ: ਬਲਜਿੰਦਰ ਕੌਰ ਸਾ: ਡਾਇਰੈਕਟਰ ਪੰਜਾਬ ਯੂਨੀਵਰਸਿਟੀ ਰਿਸਰਚ ਸੈਂਟਰ, ਡਾ: ਸੁਖਵਿੰਦਰ ਸਿੰਘ ਲਾਇਲ ਅਤੇ ਗਿਆਨੀ ਸੰਤੋਖ ਸਿੰਘ ਆਸਟਰੇਲੀਆ ਪ੍ਰਧਾਨਗੀ ਮੰਡਲ ’ਚ ਜਦਕਿ ਪ੍ਰਧਾਨਗੀ ਡਾ: ਪਰਮਜੀਤ ਕੌਰ ਗਿੱਲ ਮੁਖੀ ਰਾਜਨੀਤਿਕ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਕੀਤੀ। ਨਿਧੜਕਤਾ ਨਾਲ ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਗੁਰਬਾਣੀ, ਸਿੱਖ ਇਤਿਹਾਸ ਸਬੰਧੀ ਵਿਚਾਰਾਂ ਦਾ ਪ੍ਰਗਟਾਵਾ ਕਰਨ ਵਾਲੇ ਡਾ: ਪਿਆਰੇ ਲਾਲ ਗਰਗ ਨੇ ਪ੍ਰਧਾਨਗੀ ਕੀਤੀ। ਪ੍ਰਧਾਨਗੀ ਸ਼ਬਦਾਂ ਦੀ ਸਾਂਝ ਪਾਉਂਦਿਆਂ ਉਨ੍ਹਾਂ ਦਸ਼ਮੇਸ਼ ਪਿਤਾ ਜੀ ਦੀ ਬਾਣੀ ਜਾਪ ਸਾਹਿਬ ਅਤੇ ਅਕਾਲ ਉਸਤਤਿ ਵਿਚਲੀ ਬਾਣੀਆਂ ਦੇ ਹਵਾਲੇ ਨਾਲ ਕਿਹਾ ਕਿ ਜਿੱਥੋਂ ਤੱਕ ਜੀਵਨ ਜਾਂਚ ਦਾ ਤੁਅੱਲਕ ਹੈ, ਸਤਿਗੁਰਾਂ ਨੇ ਦੋ ਵਿਸ਼ੇਸ਼ ਗੱਲਾਂ ਕਹੀਆਂ ਪਹਿਲੀ ਇਹ ਕਿ ਪਰਮੇਸ਼ਰ ਪ੍ਰੇਮ ਸਰੂਪ ਹੈ ਤੇ ਉਹ ਅਨੁਰਾਗ ਬਣ ਕੇ ਹੀ ਜਗਤ ਦੇ ਬਾਗ ਵਿਚ ਟਹਿਕ-ਮਹਿਕ ਪੈਦਾ ਕਰ ਰਿਹਾ ਹੈ। ਫਿਰ ਉਸਨੂੰ ਪਾਉਣ ਦਾ ਤਰੀਕਾ ਵੀ ਪ੍ਰੇਮ ਹੀ ਹੈ, ਬਾਕੀ ਸਾਧਨ ਐਵੇਂ ਦੇਖ-ਦਿਖਾਵੇ ਦੇ ਹਨ। ਉਨ੍ਹਾਂ ਪੁਰਾਤਨ ਅਤੇ ਅਜੋਕੇ ਵਕਤ ਦੇ ਹਾਲਾਤਾਂ ਦਾ ਜਿਕਰ ਕਰਦਿਆਂ ਕਿਹਾ ਕਿ ਧਾਰਮਿਕ ਮਹਾਂਪੁਰਸ਼ਾਂ ਦੀ ਦ੍ਰਿਸ਼ਟੀ ਵਿਸ਼ਵਾਰਥੀ ਜਾਂ ਯੂਨੀਵਰਸਲ ਹੁੰਦੀ ਹੈ ਤੇ ਆਮ ਸੰਸਾਰੀ ਆਦਮੀ ਦੀ ਦ੍ਰਿਸ਼ਟੀ ਵਧੇਰੇ ਕਰਕੇ ਸਵਾਰਥੀ ਹੁੰਦੀ ਹੈ। ਉਨ੍ਹਾਂ ਜੋਰ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਸ਼ਾਲ ਦ੍ਰਿਸ਼ਟੀ ਇਹ ਅਨੁਭਵ ਕਰਦੀ ਸੀ ਕਿ ਸਿਵਾਇ ਪ੍ਰੇਮ-ਪਿਆਰ ਦੀ ਗੁੜ੍ਹਤੀ ਦੇ ਮਨੁੱਖਤਾ ਨੂੰ ਏਕਤਾ ਦੇ ਧਾਗੇ ਵਿੱਚ ਨਹੀਂ ਪਰੋਇਆ ਜਾ ਸਕਦਾ। ਇਸ ਕਰਕੇ ਜਿੱਥੇ ਉਹਨਾਂ ਇਨਸਾਨੀ ਏਕਤਾ ਉੱਤੇ ਜੋਰ ਦਿੱਤਾ, ਉੱਥੇ ਬਾਕੀ ਧਰਮ ਕਰਮ ਦੀ ਏਕਤਾ ਨੂੰ ਪਛਾਨਣ ਦੀ ਵੀ ਤਾਕੀਦ ਕੀਤੀ।



ਇਹੋ ਹੀ ਇੱਕ ਸਾਰਥਕ ਵਿਧੀ ਸੀ ਜਿਸ ਨਾਲ ਸਰਬੱਤ ਦੇ ਭਲੇ ਦਾ ਮਿਸ਼ਨ ਪੂਰਾ ਹੋ ਸਕਦਾ ਸੀ। ਉਨ੍ਹਾਂ ਕਿਹਾ ਕਿ ਮਨੁੱਖੀ ਏਕਤਾ ਦਾ ਭਾਵ ਇਹ ਨਹੀਂ ਕਿ ਭਲੇ ਬੁਰੇ ਦੀ ਪਛਾਣ ਨਹੀਂ ਕਰਨਾ ਸਾਧ-ਚੋਰ ਜਾਂ ਚੰਗੇ-ਮੰਦੇ ਨੂੰ ਇੱਕ ਸਮਾਨ ਸਮਝ ਲੈਣਾ! ਸਗੋਂ ਗੁਰੂ ਸਾਹਿਬ ਨੇ ਆਪਣਾ ਜੀਵਨ ਉਦੇਸ਼ ਦਸਦਿਆਂ ਸਾਫ ਕਿਹਾ ਕਿ ਮੈਂ ਕੇਵਲ ਭਲੇ ਪੁਰਸ਼ਾਂ ਦੀ ਮਦਦ ਲਈ ਤੇ ਦੁਸ਼ਟਾਂ ਦਾ ਨਾਸ਼ ਕਰਨ ਲਈ ਹੀ ਆਇਆ ਹਾਂ। ਮੇਰਾ ਕੰਮ ਹਰ ਤਰ੍ਹਾਂ ਧਰਮ ਨੂੰ ਮਜਬੂਤ ਕਰਨਾ ਹੈ। ਇਸ ਦ੍ਰਿਸ਼ਟੀ ਤੋਂ ਗੁਰੂ ਸਾਹਿਬ ਜੀ ਦੀ ਵਿਚਾਰਧਾਰਾ ਬਿਲਕੁਲ ਸਪਸ਼ਟ ਸੀ ਕਿ ਭਲੇ ਕਿਰਤੀ ਲੋਕਾਂ ਦੀ ਹਮਾਇਤ ਕਰਨਾ ਤੇ ਲੁੱਟ ਕਸੁੱਟ ਕਰਨ ਵਾਲੀ ਰਾਜਸੀ ਸੁਆਰਥੀ ਸ਼੍ਰੇਣੀ ਨੂੰ ਸਮਰੱਥਾਹੀਣ ਕਰਨਾ ਸੀ। ਇਸੇ ਕਰਕੇ ਉਹਨਾਂ ਆਪਣੇ ਤਨ ਮਨ,ਧਨ ਦੀ ਸ਼ਕਤੀ ਨੇਕ ਕਿਰਤੀ ਲੋਕਾਂ ਦੇ ਵਿਕਾਸ ਵਿੱਚ ਲਾਈ ਅਤੇ ਉਹਨਾਂ ਦਾ ਜਸ ਵੀ ਗਾਇਆ।

ਬਾਅਦ ਦੁਪਹਿਰ ਪੰਜਵੀਂ ਵਿਦਿਅਕ ਬੈਠਕ ਦੇ ਮੁੱਖ ਮਹਿਮਾਨ ਡਾਕਟਰ ਹਰਜਿੰਦਰ ਸਿੰਘ ਰੋਜ਼, ਵਿਸ਼ੇਸ਼ ਮਹਿਮਾਨ ਡਾਕਟਰ ਸਤੀਸ਼ ਕੁਮਾਰ ਸ਼ਰਮਾ ਅਤੇ ਡਾਕਟਰ ਗੁਰਚਰਨ ਸਿੰਘ ਸੱਗੂ ਇੰਗਲੈਂਡ, ਪ੍ਰਧਾਨਗੀ ਪ੍ਰੋਫੈਸਰ ਹਿੰਮਤ ਸਿੰਘ, ਸੈਸ਼ਨ ਕੋਆਰਡੀਨੇਟਰ ਡਾਕਟਰ ਗੁਰਦੀਪ ਕੌਰ ਸ਼ਾਸਨ ਰਿਪੋਰਟ ਡਾਕਟਰ ਅਮਰਿੰਦਰ ਕੌਰ ਨੇ ਕੀਤੀ। ਚੌਥੀ ਵਿਦਿਅਕ ਬੈਠਕ ਦੌਰਾਨ ਨੌ ਵਿਦਵਾਨਾਂ ਨੇ ਖੋਜ ਭਰਪੂਰ ਪਰਚੇ ਪੜ੍ਹੇ। ਅੱਜ ਦੀ ਕਾਨਫਰੰਸ ’ਚ ਵਿਦਵਾਨ ਬੁਲਾਰਿਆਂ ਅਤੇ ਅਹਿਮ ਸ਼ਖ਼ਸ਼ੀਅਤਾਂ ਦਾ ਸਨਮਾਨ ਸੰਤ ਬਾਬਾ ਅਮੀਰ ਸਿੰਘ ਜੀ ਨੇ ਕੀਤਾ ਅਤੇ ਅੱਜ ਦੀ ਕਾਨਫਰੰਸ ਦੀ ਸਮਾਪਤੀ ਮੌਕੇ ਚੋਣਵੇਂ ਸ਼ਬਦਾਂ ’ਚ ਕਿਹਾ ਕਿ ਸਾਹਿਬ-ਏ-ਕਮਾਲ ਸ਼?ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸ਼ਖ਼ਸ਼ੀਅਤ ਨੂੰ ਬਿਆਨਾਂ ਲਈ ਸ਼ਬਦ ਥੋੜਦੇ ਹਨ, ਸਬਦਾਂ ’ਚ ਸੰਕੋਚਿਆ ਨਹੀਂ ਜਾ ਸਕਦਾ।ਅੱਜ ਦੂਜੇ ਦਿਨ ਦੀ ਕਾਨਫਰੰਸ ਧਰਮ ਖੇਤਰ ਦੇ ਵਿਦਿਆਰਥੀਆਂ ਖੋਜਾਰਥੀਆਂ ਅਤੇ ਸ਼ਰਧਾਲੂ ਸੰਗਤਾਂ ਦੀ ਖਿੱਚ ਦਾ ਕੇਂਦਰ ਬਣੀ ਰਹੀ।

# ਮੁੱਖ ਮੰਤਰੀ ਮਾਨ ਨੇ ਸੰਦੀਪ ਗਿਲਹੋਤਰਾ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ

ਜ਼ਿਕਰ ਪੰਜਾਬ

**ਫਾਜ਼ਿਲਕਾ** : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅੱਜ ਉੱਘੇ ਸਮਾਜ ਸੇਵਕ ਸੰਦੀਪ ਗਿਲਹੋਤਰਾ ਦੇ ਦੇਹਾਂਤ ’ਤੇ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਗਿਲਹੋਤਰਾ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਹੁੰਚੇ, ਜਿਨ੍ਹਾਂ ਦਾ ਕੁਝ ਦਿਨ ਪਹਿਲਾਂ ਦੇਹਾਂਤ ਹੋ ਗਿਆ ਸੀ। ਸੰਦੀਪ ਗਿਲਹੋਤਰਾ ਕੈਬਨਿਟ ਮੰਤਰੀ ਅਮਨ ਅਰੋੜਾ ਦੇ ਸਹੁਰਾ ਸਾਹਿਬ ਸਨ। ਇਸ ਔਖੀ ਘੜੀ ਵਿੱਚ ਪੀੜਤ ਪਰਿਵਾਰ ਨਾਲ ਦੁੱਖ ਪ੍ਰਗਟ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸਵਰਗੀ ਸੰਦੀਪ ਗਿਲਹੋਤਰਾ ਨਿਰਸਵਾਰਥ ਸੇਵਾ ਦੇ ਚਾਨਣ ਮੁਨਾਰੇ ਅਤੇ ਸਮਰਪਿਤ ਸਮਾਜ ਸੇਵਕ ਸਨ, ਜਿਨ੍ਹਾਂ ਨੇ ਆਪਣਾ ਪੂਰਾ ਜੀਵਨ ਲੋਕਾਂ ਦੀ ਭਲਾਈ ਲਈ ਸਮਰਪਿਤ ਕਰ ਦਿੱਤਾ।

ਉਨ੍ਹਾਂ ਨੇ ਸਮਾਜ ਦੇ ਸਾਰੇ ਵਰਗਾਂ, ਖਾਸ ਕਰ ਕੇ ਹਾਸ਼ੀਏ ’ਤੇ ਧੱਕੇ ਭਾਈਚਾਰਿਆਂ ਦੀ ਬਿਹਤਰੀ ਲਈ ਅਣਥੱਕ ਕੰਮ ਕੀਤਾ। ਉਹ ਦੱਬੇ-ਕੁਚਲੇ ਅਤੇ ਲੋੜਵੰਦ ਲੋਕਾਂ ਦੀ ਮਦਦ ਲਈ ਹਮੇਸ਼ਾ ਤਿਆਰ ਰਹਿੰਦੇ ਸਨ। ਮੁੱਖ ਮੰਤਰੀ ਨੇ ਅੱਗੇ ਕਿਹਾ, ਸੰਦੀਪ ਗਿਲਹੋਤਰਾ ਦੇ ਚੰਗੇ ਕੰਮ ਹਮੇਸ਼ਾ ਲੋਕਾਂ ਦੇ ਦਿਲਾਂ ਵਿੱਚ ਉੱਕਰੇ ਰਹਿਣਗੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਿਰਸਵਾਰਥ ਸੇਵਾ ਲਈ ਪ੍ਰੇਰਿਤ ਕਰਦੇ ਰਹਿਣਗੇ। ਉਨ੍ਹਾਂ ਦੇ ਬੇਵਕਤੀ ਅਕਾਲ ਚਲਾਣੇ ਨੇ ਇੱਕ ਅਜਿਹਾ ਖਲਾਅ ਪੈਦਾ ਕਰ ਦਿੱਤਾ ਹੈ, ਜੋ ਕਦੇ ਵੀ ਭਰਿਆ ਨਹੀਂ ਜਾ ਸਕਦਾ। ਇਸ ਮਹਾਨ ਸਮਾਜ ਸੇਵਕ ਦੇ ਯੋਗਦਾਨ ਹਮੇਸ਼ਾ ਸਮਾਜ ਸੇਵਾ ਦੇ ਮਾਰਗ ਨੂੰ ਰੌਸ਼ਨ ਕਰਦੇ ਰਹਿਣਗੇ। ਪਰਿਵਾਰ ਦੀ ਲੋਕ ਸੇਵਾ ਪ੍ਰਤੀ ਵਚਨਬੱਧਤਾ ਦੀ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ, ਇਸ ਮਹਾਨ ਆਤਮਾ ਦੇ ਨਕਸ਼ੇ-ਕਦਮਾਂ ’ਤੇ ਚੱਲਦਿਆਂ, ਉਨ੍ਹਾਂ ਦਾ ਜਵਾਈ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਮਿਸ਼ਨਰੀ ਉਤਸ਼ਾਹ ਨਾਲ ਸੂਬੇ ਦੇ ਲੋਕਾਂ ਦੀ ਸੇਵਾ ਕਰ ਰਹੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਪੀੜਤ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਅਤੇ ਸਨੇਹੀਆਂ ਨੂੰ ਇਸ ਨਾ ਪੂਰਾ ਹੋਣ ਵਾਲੇ ਘਾਟੇ ਨੂੰ ਸਹਿਣ ਕਰਨ ਦੀ ਤਾਕਤ ਦੇਣ ਅਤੇ ਵਿਛੜੀ ਰੂਹ ਨੂੰ ਸਦੀਵੀ ਸ਼ਾਂਤੀ ਬਖ਼ਸ਼ਣ।ਇਸ ਮੌਕੇ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ, ਅਮਨਦੀਪ ਸਿੰਘ ਗੋਲਡੀ ਮੁਸਾਫਿਰ, ਜਗਦੀਪ ਕੰਬੋਜ ਗੋਲਡੀ ਅਤੇ ਹੋਰ ਵੀ ਮੌਜੂਦ ਸਨ।

